7-JAN-PAGE-1.qxd 1/6/2023 9:54 PM Page 1

ਸ਼ਨੀਵਾਰ, 7 ਜਨਵਰੀ, 2023
23 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 218

ਨਵਾਂ ਜ਼ਮਾਨਾ

DAILY NAWAN ZAMANA • SATURDAY, 7 JANUARY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਠੰਢ ਨਾਲ ਕਾਨਪੁਰ 'ਚ ਇੱਕ ਦਿਨ 'ਚ 25 ਮੌਤਾਂ

ਲਖਨਊ : ਯੂ ਪੀ 'ਚ ਸੀਤ ਲਹਿਰ ਦਿਨੋਂ-ਦਿਨ ਜਾਨਲੇਵਾ ਹੁੰਦੀ ਜਾ ਰਹੀ ਹੈ। ਕਾਨਪੁਰ 'ਚ ਵੀਰਵਾਰ ਦਿਲ ਦਾ ਦੌਰਾ ਪੈਣ ਅਤੇ ਬ੍ਰੇਨ ਸਟ੍ਰੋਕ ਕਾਰਨ 25 ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ 17 ਦੀ ਮੌਤ ਕੋਈ ਵੀ ਡਾਕਟਰੀ ਸਹਾਇਤਾ ਮਿਲਣ ਤੋਂ ਪਹਿਲਾਂ ਹੀ ਹੋ ਗਈ। ਡਾਕਟਰਾਂ ਅਨੁਸਾਰ ਠੰਢ 'ਚ ਬਲੱਡ ਪ੍ਰੈਸ਼ਰ ਦਾ ਅਚਾਨਕ ਵਧਣਾ ਅਤੇ ਖੂਨ ਦਾ ਜੰਮ ਜਾਣਾ ਦਿਲ ਦੇ ਦੌਰੇ ਤੇ ਬ੍ਰੇਨ ਅਟੈਕ ਦਾ ਕਾਰਨ ਬਣ ਰਿਹਾ ਹੈ।

ਕਾਰਡੀਓਲੋਜੀ ਇੰਸਟੀਚਿਊਟ ਦੇ ਕੰਟਰੋਲ ਰੂਮ ਅਨੁਸਾਰ ਵੀਰਵਾਰ ਨੂੰ 723 ਦਿਲ ਦੇ ਮਰੀਜ਼ ਐਮਰਜੈਂਸੀ ਅਤੇ ਓ ਪੀ ਡੀ 'ਚ ਆਏ ਤੇ ਇਨ੍ਹਾਂ ਵਿੱਚੋਂ 41 ਮਰੀਜ਼, ਜਿਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਸੀ, ਨੂੰ ਦਾਖਲ ਕਰਵਾਇਆ ਗਿਆ।

ਬਲਾਚੌਰ ਸਭ ਤੋਂ ਠੰਢਾ ਰਿਹਾ

ਚੰਡੀਗੜ੍ਹ : ਬਲਾਚੌਰ 'ਚ ਸਭ ਤੋਂ ਘੱਟ ਤਾਪਮਾਨ 3.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਬਠਿੰਡਾ 'ਚ 3.6, ਗੁਰਦਾਸਪੁਰ 'ਚ 3.8, ਲੁਧਿਆਣਾ 'ਚ 4.6, ਪਟਿਆਲਾ 'ਚ 5.5, ਅੰਮ੍ਰਿਤਸਰ 'ਚ ਪੰਜ ਅਤੇ ਮੁਹਾਲੀ 'ਚ 5.4 ਡਿਗਰੀ ਰਿਹਾ। ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ ਪੰਜ ਡਿਗਰੀ ਦਰਜ ਕੀਤਾ ਗਿਆ।

ਮਿਲਕਫੈੱਡ ਤੇ ਮਿਲਕ ਯੂਨੀਅਨਾਂ 'ਚ 500 ਅਸਾਮੀਆਂ ਭਰਨ ਨੂੰ ਹਰੀ ਝੰਡੀ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਸ਼ੁੱਕਰਵਾਰ ਮਿਲਕਫੈੱਡ ਅਤੇ ਇਸ ਨਾਲ ਸੰਬੰਧਤ ਮਿਲਕ ਯੂਨੀਅਨਾਂ ਵਿਚ ਗਰੁੱਪ ਸੀ ਤੇ ਡੀ ਦੀਆਂ 500 ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਭਰਤੀ ਦਾ ਫੈਸਲਾ ਸਟਾਫ ਦੀ ਕਮੀ ਦੂਰ ਕਰਨ ਦੇ ਮਕਸਦ ਨਾਲ ਲਿਆ ਗਿਆ ਹੈ ਤਾਂ ਕਿ ਮਿਲਕਫੈੱਡ ਤੇ ਇਸ ਨਾਲ ਸੰਬੰਧਤ ਮਿਲਕ ਯੂਨੀਅਨਾਂ ਦੇ ਕੰਮਕਾਜ ਨੂੰ ਹੋਰ ਵਧੇਰੇ ਸੁਚਾਰੂ ਬਣਾਇਆ ਜਾ ਸਕੇ। ਇਸ ਕਦਮ ਨਾਲ ਦੁੱਧ ਉਤਪਾਦਕਾਂ ਤੇ ਕਿਸਾਨਾਂ ਨੂੰ ਲਾਭ ਹੋਵੇਗਾ, ਕਿਉਂ ਜੋ ਇਸ ਨਾਲ ਦੁੱਧ ਤੋਂ ਹੋਰ ਵਸਤਾਂ ਤਿਆਰ ਕਰਨ ਦੇ ਨਾਲ-ਨਾਲ ਉਤਪਾਦਨ ਦੀ ਪ੍ਰਭਾਵੀ ਮਾਰਕੀਟਿੰਗ ਰਾਹੀਂ ਦੁੱਧ ਮਾਰਕੀਟ ਨੂੰ ਹੋਰ ਵਧੇਰੇ ਅਸਰਦਾਰ ਬਣਾਇਆ ਜਾ ਸਕੇਗਾ। ਇਸੇ ਤਰ੍ਹਾਂ ਇਸ ਨਾਲ ਦੁੱਧ ਅਤੇ ਮਿਲਕਫੈੱਡ ਵੱਲੋਂ ਦੁੱਧ ਤੋਂ ਤਿਆਰ ਹੁੰਦੀਆਂ ਵਸਤਾਂ ਦੀ ਗੁਣਵੱਤਾ ਸੁਧਾਰਨ ਨਾਲ ਖਪਤਕਾਰਾਂ ਨੂੰ ਵੱਡੀ ਸਹੂਲਤ ਮਿਲੇਗੀ।

ਸਰਕਾਰੀ ਸਕੂਲਾਂ ਦੀ ਸਾਂਭ-ਸੰਭਾਲ

ਸੂਬਾ ਭਰ ਵਿਚ ਸਰਕਾਰੀ ਸਕੂਲਾਂ ਦੀ ਚੰਗੀ ਸਾਂਭ-ਸੰਭਾਲ ਲਈ ਮੰਤਰੀ ਮੰਡਲ ਨੇ ਸੂਬਾ ਪੱਧਰ ਉਤੇ ਸਕੀਮ ਨੂੰ ਲਾਗੂ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਸਰਕਾਰੀ ਸਕੂਲਾਂ ਦੀ ਸੰਭਾਲ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਸਕੀਮ ਤਹਿਤ ਸਕੂਲ ਕੈਂਪਸ ਦੀ ਸਾਫ-ਸਫਾਈ, ਸੁਰੱਖਿਆ ਅਤੇ ਸੁਚਾਰੂ ਪ੍ਰਸ਼ਾਸਨ ਚਲਾਉਣ ਲਈ ਫੰਡ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣਗੇ। ਇਸ ਨਾਲ ਸਕੂਲ ਪ੍ਰਸ਼ਾਸਨ ਨੂੰ ਸਕੂਲਾਂ ਨੂੰ ਬਿਨਾਂ ਕਿਸੇ ਦਿੱਕਤ ਤੋਂ ਚਲਾਉਣ ਵਿਚ ਮਦਦ ਮਿਲੇਗੀ ਤਾਂ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

ਵਾਹਨਾਂ ਦੇ ਪ੍ਰਦੂਸ਼ਣ ਨੂੰ ਧਿਆਨ ਵਿਚ ਰੱਖਦੇ ਹੋਏ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਜ਼ ਮੰਤਰਾਲੇ ਵੱਲੋਂ ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਬਾਰੇ ਲਾਗੂ ਕੀਤੀ ਸਕਰੈਪਿੰਗ ਨੀਤੀ ਦੇ ਸੰਦਰਭ ਵਿਚ ਪੰਜਾਬ ਮੰਤਰੀ ਮੰਡਲ ਨੇ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ-1924 ਦੀ ਧਾਰਾ 13 (3) ਅਧੀਨ ਨਵੀਆਂ ਗੱਡੀਆਂ ਦੀ ਖਰੀਦ ਮੌਕੇ ਛੋਟ ਦੇਣ ਦਾ ਫੈਸਲਾ ਕੀਤਾ। ਇਸ ਦੇ ਤਹਿਤ ਮੋਟਰ ਵਹੀਕਲ ਟੈਕਸ ਵਿਚ ਟਰਾਂਸਪੋਰਟ ਵਾਹਨ ਮਾਲਕਾਂ ਨੂੰ 15 ਫੀਸਦੀ ਅਤੇ ਨਾਨ-ਟਰਾਂਸਪੋਰਟ ਵਾਹਨ ਮਾਲਕਾਂ ਨੂੰ 25 ਫੀਸਦੀ ਤੱਕ ਛੋਟ ਮਿਲੇਗੀ। ਵਾਤਾਵਰਣ ਪੱਖੀ ਫੈਸਲੇ ਨਾਲ ਸਕਰੈਪਿੰਗ ਪਾਲਿਸੀ ਅਧੀਨ ਟਰਾਂਸਪੋਰਟ ਗੱਡੀਆਂ ਦੇ ਮਾਲਕ ਗੱਡੀ ਦੀ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਅਤੇ ਨਾਨ-ਟਰਾਂਸਪੋਰਟ ਗੱਡੀਆਂ ਦੇ

ਮਾਲਕ 15 ਸਾਲ ਤੱਕ ਸਕੀਮ ਦਾ ਲਾਭ ਉਠਾ ਸਕਦੇ ਹਨ। ਇਸ ਦੇ ਤਹਿਤ ਜਿਸ ਵੇਲੇ ਗੱਡੀ ਨੂੰ ਸਕਰੈਪ ਕੀਤਾ ਜਾਵੇਗਾ ਤਾਂ ਇਸ ਬਾਰੇ ਸਕਰੈਪਰ ਵੱਲੋਂ ਹੀ ਗੱਡੀ ਦੀ ਖਰੀਦ ਕੀਤੀ ਜਾਵੇਗੀ। ਇਸ ਉਪਰੰਤ ਸਕਰੈਪਰ ਵੱਲੋਂ ਵਾਹਨ ਦੇ ਮਾਲਕ ਨੂੰ ਸਰਟੀਫਿਕੇਟ ਆਫ ਡਿਪਾਜ਼ਿਟ (ਵਾਹਨ ਜਮ੍ਹਾਂ ਕਰਵਾਉਣ ਦਾ ਸਰਟੀਫਿਕੇਟ) ਜਾਰੀ ਕੀਤਾ ਜਾਵੇਗਾ, ਜਿਸ ਨੂੰ ਗੱਡੀ ਮਾਲਕ ਵੱਲੋਂ ਸੰਬੰਧਤ ਲਾਇਸੰਸਿੰਗ ਅਥਾਰਟੀ ਕੋਲੋਂ ਜਮ੍ਹਾਂ ਕਰਵਾਉਣ ਉਤੇ ਨਵੀਂ ਗੱਡੀ ਦੀ ਰਜਿਸਟ੍ਰੇਸ਼ਨ ਦੇ ਮੋਟਰ ਵਹੀਕਲ ਟੈਕਸ ਵਿਚ ਬਣਦੀ ਛੋਟ ਦਿੱਤੀ ਜਾਵੇਗੀ।

ਵਿਦਿਅਕ ਯੋਗਤਾ 'ਚ ਸੋਧ : ਇਕ ਹੋਰ ਅਹਿਮ ਫੈਸਲਾ ਲੈਂਦਿਆਂ ਮੰਤਰੀ ਮੰਡਲ ਨੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਦੇ ਪੰਜਾਬ ਹੈਲਥ ਐਂਡ ਫੈਮਲੀ ਵੈੱਲਫੇਅਰ ਟੈਕਨੀਕਲ (ਗਰੁੱਪ-ਬੀ) ਸਰਵਿਸ ਰੂਲਜ਼-2018 ਵਿਚ ਸਿਸਟਰ ਟਿਊਟਰ ਦੀ ਅਸਾਮੀ ਲਈ ਸਿੱਧੀ ਭਰਤੀ ਅਤੇ ਪਦ-ਉਨਤੀ ਲਈ ਵਿਦਿਅਕ ਯੋਗਤਾ ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਕੈਬਨਿਟ ਦੇ ਫੈਸਲੇ ਮੁਤਾਬਕ ਸਿਸਟਰ ਟਿਊਟਰ ਦੀ ਅਸਾਮੀ ਲਈ ਸਿੱਧੀ ਭਰਤੀ ਵਾਸਤੇ ਵਿਦਿਅਕ ਯੋਗਤਾ ਐੱਮ.ਐੱਸ ਸੀ (ਨਰਸਿੰਗ) ਹੋਵੇਗੀ। ਇਸੇ ਤਰ੍ਹਾਂ ਸਿਸਟਰ ਟਿਊਟਰ ਵਜੋਂ ਪਦ-ਉਨਤੀ ਲਈ ਵਿਦਿਅਕ ਯੋਗਤਾ ਬੀ.ਐੱਸ ਸੀ. (ਨਰਸਿੰਗ) ਦੇ ਨਾਲ ਸਟਾਫ ਨਰਸ (ਗਰੁੱਪ-ਸੀ) ਵਜੋਂ ਘੱਟੋ-ਘੱਟ 10 ਸਾਲ ਦਾ ਤਜਰਬਾ ਹੋਣਾ ਜ਼ਰੂਰੀ ਹੋਵੇਗਾ।

ਅਖਤਿਆਰੀ ਗਰਾਂਟਾਂ ਵੰਡਣ ਲਈ ਨੀਤੀ ਪ੍ਰਵਾਨ : ਮੰਤਰੀ ਮੰਡਲ ਨੇ ਪੰਜਾਬ ਵਿਚ ਮੌਜੂਦਾ ਬੁਨਿਆਦੀ ਢਾਂਚੇ, ਵਾਤਾਵਰਨ ਵਿਚ ਸੁਧਾਰ ਅਤੇ ਗਰੀਬਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਮੁੱਖ ਮੰਤਰੀ ਤੇ ਕੈਬਨਿਟ ਮੰਤਰੀਆਂ ਵੱਲੋਂ ਅਖਤਿਆਰੀ ਗਰਾਂਟਾਂ ਦੀ ਵੰਡ ਲਈ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਅਨੁਸਾਰ ਵਿੱਤੀ ਸਾਲ ਵਿਚ ਮੁੱਖ ਮੰਤਰੀ ਦਾ ਅਖਤਿਆਰੀ ਕੋਟਾ 5 ਕਰੋੜ ਰੁਪਏ, ਜਦਕਿ ਹਰੇਕ ਕੈਬਨਿਟ ਮੰਤਰੀ ਦਾ ਅਖਤਿਆਰੀ ਕੋਟਾ 1.50 ਕਰੋੜ ਰੁਪਏ ਹੋਵੇਗਾ।

ਨਾਂਅ ਬਦਲੀ : ਉੱਚ ਸਿੱਖਿਆ ਬਾਰੇ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਸੂਬੇ ਦੀਆਂ ਉਚੇਰੀ ਸਿੱਖਿਆ ਸੰਸਥਾਵਾਂ ਵਿਚਾਲੇ ਬਿਹਤਰ ਤਾਲਮੇਲ ਯਕੀਨੀ ਬਣਾਉਣ ਲਈ ਕੈਬਨਿਟ ਨੇ ਡਾਇਰੈਕਟੋਰੇਟ ਆਫ ਪਬਲਿਕ ਇੰਸਟ੍ਰਕਸ਼ਨਜ਼ (ਕਾਲਜਾਂ), ਪੰਜਾਬ ਦਾ ਨਾਂਅ ਬਦਲ ਕੇ ਡਾਇਰੈਕਟੋਰੇਟ ਆਫ ਹਾਇਰ ਐਜੂਕੇਸ਼ਨ, ਪੰਜਾਬ ਕਰਨ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਜ਼ (ਕਾਲਜਾਂ) ਦੇ ਅਹੁਦੇ ਦਾ ਨਾਂਅ ਵੀ ਡਾਇਰੈਕਟਰ ਹਾਇਰ ਐਜੂਕੇਸ਼ਨ, ਪੰਜਾਬ ਵਿੱਚ ਤਬਦੀਲ ਹੋ ਜਾਵੇਗਾ। ਇਸ ਫੈਸਲੇ ਨਾਲ ਸੂਬੇ ਦੇ ਉਚੇਰੀ ਸਿੱਖਿਆ ਵਿਭਾਗ, ਕਾਲਜਾਂ, ਯੂਨੀਵਰਸਿਟੀਆਂ ਅਤੇ ਕੇਂਦਰ ਦੀਆਂ ਸਹਾਇਤਾ ਪ੍ਰਾਪਤ ਏਜੰਸੀਆਂ ਵਿਚਾਲੇ ਬਿਹਤਰ ਤਾਲਮੇਲ ਯਕੀਨੀ ਬਣੇਗਾ। ਜ਼ਿਕਰਯੋਗ ਹੈ ਕਿ ਡਾਇਰੈਕਟੋਰੇਟ ਆਫ ਪਬਲਿਕ ਇੰਸਟ੍ਰਕਸ਼ਨਜ਼ (ਕਾਲਜਾਂ) ਦੀ ਸਥਾਪਨਾ ਅਸਲ ਵਿੱਚ ਪੰਜਾਬ ਦੀ ਵੰਡ ਤੋਂ ਪਹਿਲਾਂ 1856 ਵਿੱਚ ਕੀਤੀ ਗਈ ਸੀ ਅਤੇ ਇਹ ਸ਼ੁਰੂ ਵਿੱਚ ਲਾਹੌਰ ਤੋਂ ਕੰਮਕਾਜ ਕਰਦਾ ਸੀ। 1966 ਵਿੱਚ ਪੰਜਾਬ ਦੀ ਵੰਡ ਤੋਂ

● ਬਾਕੀ ਸਫ਼ਾ 2 'ਤੇ

ਕਾਰ ਨਹਿਰ 'ਚ ਡਿਗਣ ਨਾਲ ਨੌਜਵਾਨ ਦੀ ਮੌਤ, ਇਕ ਲਾਪਤਾ, ਦੋ ਬਚਾਏ

ਦਿਲਪ੍ਰੀਤ ਸਿੰਘ

ਜਗਰਾਓਂ : ਜਨਮ ਦਿਨ ਮਨਾਉਣ ਨਿਕਲੇ ਲਾਗਲੇ ਪਿੰਡ ਲੱਖਾ ਦੇ ਚਾਰ ਨੌਜਵਾਨਾਂ ਦੀ ਕਾਰ ਵੀਰਵਾਰ ਰਾਤ 11 ਵਜੇ ਦੇ ਕਰੀਬ ਡੱਲਾ ਨਹਿਰ 'ਚ ਡਿੱਗਣ ਨਾਲ 1 ਨੌਜਵਾਨ ਦੀ ਮੌਤ ਹੋ ਗਈ। ਦਿਲਪ੍ਰੀਤ ਸਿੰਘ (23) ਪੁੱਤਰ ਹਰਦੇਵ ਸਿੰਘ, ਜਿਸ ਦਾ ਜਨਮ ਦਿਨ ਸੀ, ਆਪਣੇ ਤਿੰਨ ਹੋਰ ਦੋਸਤਾਂ ਸਤਨਾਮ ਸਿੰਘ, ਇਕਬਾਲ ਸਿੰਘ ਅਤੇ ਮਨਪ੍ਰੀਤ ਸਿੰਘ ਨਾਲ ਪਿੰਡ ਮੱਲ੍ਹਾ ਤੋਂ ਡੱਲਾ ਵੱਲ ਜਾ ਰਿਹਾ ਸੀ। ਇਕਬਾਲ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਲੋਕਾਂ ਨੇ ਰਾਤ ਸਹੀ-ਸਲਾਮਤ ਬਾਹਰ ਕੱਢ ਲਿਆ। ਦਿਲਪ੍ਰੀਤ ਸਿੰਘ ਦੀ ਲਾਸ਼ ਡਾਂਗੀਆਂ ਪੁਲ ਤੋਂ ਅੱਗੇ ਮਿਲੀ, ਜਦਕਿ 27 ਸਾਲਾ ਸਤਨਾਮ ਸਿੰਘ ਦੀ ਭਾਲ ਜਾਰੀ ਸੀ।

ਆਜ਼ਾਦ ਦੇ ਸਾਥੀ ਮੁੜ ਕਾਂਗਰਸ 'ਚ

ਨਵੀਂ ਦਿੱਲੀ : ਸਾਬਕਾ ਕੇਂਦਰੀ ਮੰਤਰੀ ਗੁਲਾਮ ਨਬੀ ਆਜ਼ਾਦ ਦੀ ਅਗਵਾਈ ਵਾਲੀ ਡੈਮੋਕ੍ਰੇਟਿਕ ਆਜ਼ਾਦ ਪਾਰਟੀ (ਡੀ ਏ ਪੀ) ਦੇ 17 ਸਾਬਕਾ ਆਗੂ ਸ਼ੁੱਕਰਵਾਰ ਮੁੜ ਕਾਂਗਰਸ 'ਚ ਸ਼ਾਮਲ ਹੋ ਗਏ, ਜਿਨ੍ਹਾਂ 'ਚ ਜੰਮੂ-ਕਸ਼ਮੀਰ ਦੇ ਸਾਬਕਾ ਉਪ ਮੁੱਖ ਮੰਤਰੀ ਤਾਰਾਚੰਦ ਵੀ ਸ਼ਾਮਲ ਹਨ। ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਇਨ੍ਹਾਂ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ-ਭਾਰਤ ਜੋੜੋ ਯਾਤਰਾ ਜੰਮੂ-ਕਸ਼ਮੀਰ 'ਚ ਦਾਖਲ ਹੋਣ ਤੋਂ ਪਹਿਲਾਂ ਸਾਡੇ ਕਈ ਨੇਤਾ ਘਰ ਪਰਤ ਆਏ ਹਨ। ਇਹ ਬਹੁਤ ਖੁਸ਼ੀ ਦੀ ਗੱਲ ਹੈ। ਤਾਰਾ ਚੰਦ, ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਪੀਰਜ਼ਾਦਾ ਮੁਹੰਮਦ ਅਤੇ 15 ਹੋਰ ਆਗੂ ਕਾਂਗਰਸ 'ਚ ਵਾਪਸ ਆ ਗਏ ਹਨ।

ਰੁਪਈਆਂ 'ਚ ਵਪਾਰ

ਨਵੀਂ ਦਿੱਲੀ : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਸ਼ੁੱਕਰਵਾਰ ਕਿਹਾ ਕਿ ਕੇਂਦਰ ਸਰਕਾਰ ਅਤੇ ਕੇਂਦਰੀ ਬੈਂਕ ਰੁਪਏ 'ਚ ਸਰਹੱਦੋਂ ਪਾਰ ਵਪਾਰ ਲਈ ਦੱਖਣੀ ਏਸ਼ੀਆਈ ਦੇਸ਼ਾਂ ਨਾਲ ਗੱਲਬਾਤ ਕਰ ਰਹੇ ਹਨ। ਦਾਸ ਨੇ ਇਹ ਵੀ ਕਿਹਾ ਕਿ ਕੇਂਦਰੀ ਬੈਂਕ ਡਿਜੀਟਲ ਕਰੰਸੀ (ਸੀ ਬੀ ਡੀ ਸੀ) ਟੈਸਟਿੰਗ ਪੜਾਅ 'ਚ ਹੈ ਅਤੇ ਰਿਜ਼ਰਵ ਬੈਂਕ ਡਿਜੀਟਲ ਰੁਪਏ ਦੀ ਪੇਸ਼ਕਸ਼ ਬਾਰੇ ਬਹੁਤ ਸਾਵਧਾਨੀ ਤੇ ਧਿਆਨ ਨਾਲ ਅੱਗੇ ਵਧ ਰਹੀ ਹੈ।

ਕਲਪਨਾ ਤੋਂ ਪਰ੍ਹੇ

ਵਾਸ਼ਿੰਗਟਨ : ਵਿਸ਼ਵ ਦੇ ਗਲੇਸ਼ੀਅਰ ਵਿਗਿਆਨੀਆਂ ਦੀ ਕਲਪਨਾ ਨਾਲੋਂ ਤੇਜ਼ੀ ਨਾਲ ਪਿਘਲ ਰਹੇ ਹਨ ਅਤੇ ਜਲਵਾਯੂ ਪਰਿਵਰਤਨ ਦੇ ਮੌਜੂਦਾ ਰੁਝਾਨ ਨੂੰ ਦੇਖਦੇ ਹੋਏ ਇਸ ਸਦੀ ਦੇ ਅੰਤ ਤੱਕ ਦੋ-ਤਿਹਾਈ ਗਲੇਸ਼ੀਅਰ ਲੋਪ ਹੋ ਜਾਣ ਦੀ ਸੰਭਾਵਨਾ ਹੈ। ਇਕ ਨਵੇਂ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ।

ਮੁਲਾਜ਼ਮ ਜਥੇਬੰਦੀਆਂ ਵੱਲੋਂ ਕਾਮਰੇਡ ਰੂਪਾ ਨੂੰ ਨਿੱਘੀ ਸ਼ਰਧਾਂਜਲੀ

ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)

ਪੀ.ਏ.ਯੂ. ਵੱਲੋਂ ਇੰਪਲਾਈਜ਼ ਯੂਨੀਅਨ, ਪੀ ਏ ਯੂ ਰਿਟਾਇਰੀਜ਼ ਵੈਲਫੇਅਰ ਐਸੋਸੀਏਸ਼ਨ, ਪੀ ਏ ਯੂ ਟੀਚਰਜ਼ ਐਸੋਸੀਏਸ਼ਨ ਅਤੇ ਪੀ ਏ ਯੂ ਫੋਰਥ ਕਲਾਸ ਵਰਕਰਜ਼ ਵੱਲੋਂ ਅੱਜ ਪੀ ਏ ਯੂ ਦੇ ਸਟੂਡੈਂਟ ਹੋਮ ਵਿਖੇ ਸ਼ਰਧਾਂਜਲੀ ਸਮਾਰੋਹ ਕਰਕੇ ਕਾਮਰੇਡ ਰੂਪ ਸਿੰਘ ਰੂਪਾ ਨੂੰ ਸ਼ਰਧਾਂਜਲੀ ਦਿੱਤੀ ਗਈ। ਸਭ ਤੋਂ ਪਹਿਲਾਂ ਦੋ ਮਿੰਟ ਮੌਨ ਰੱਖਿਆ ਗਿਆ। ਇਸ ਉਪਰੰਤ ਪੀ ਏ ਯੂ ਫੋਰਥ ਕਲਾਸ ਵਰਕਰਜ਼ ਦੇ ਪ੍ਰਧਾਨ ਬਰਿੰਦਰ ਪੰਡੋਰੀ, ਪੀ ਏ ਯੂ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਡਾ. ਹਰਮੀਤ ਸਿੰਘ ਕਿੰਗਰਾ, ਪੀ ਏ ਯੂ ਰਿਟਾਇਰੀਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਡੀ ਪੀ ਮੌੜ, ਚਰਨ ਸਿੰਘ ਗੁਰਮ, ਡਾ. ਗੁਲਜ਼ਾਰ ਪੰਧੇਰ, ਜੇ ਐਲ ਨਾਰੰਗ ਅਤੇ ਪੀ ਏ ਯੂ ਇੰਪਲਾਈਜ਼ ਯੂਨੀਅਨ ਵੱਲੋਂ ਪ੍ਰਧਾਨ ਬਲਦੇਵ ਸਿੰਘ ਵਾਲੀਆ ਅਤੇ ਜਨਰਲ ਸਕੱਤਰ ਮਨਮੋਹਨ ਸਿੰਘ, ਇਸ ਤੋਂ ਇਲਾਵਾ ਜਸਵੰਤ ਸਿੰਘ, ਜੋਗਿੰਦਰ ਰਾਮ, ਪਰਮਜੀਤ ਸਿੰਘ ਗਿੱਲ ਨੇ ਰੂਪ ਸਿੰਘ ਰੂਪਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਇਲਾਵਾ ਜੁਆਇੰਟ ਕੌਂਸਲ ਆਫ ਟਰੇਡ ਯੂਨੀਅਨ ਦੇ ਪ੍ਰਧਾਨ ਨਰੇਸ਼ ਗੋੜ, ਡਾ. ਰਜਿੰਦਰ ਪਾਲ ਸਿੰਘ ਔਲਖ, ਬਿਜਲੀ ਬੋਰਡ ਦੇ ਆਗੂ ਕ ੇ ਵ ਲ

● ਬਾਕੀ ਸਫ਼ਾ 2 'ਤੇ

ਅਬਾਦੀ 140 ਕਰੋੜ, ਪਰ ਦੇਸ਼ ਦੀ ਅੱਧੀ ਦੌਲਤ 'ਤੇ 100 ਅਮੀਰ ਕਾਬਜ਼, ਇਹ ਹੈ ਮੋਦੀ ਦਾ ਭਾਰਤ : ਰਾਹੁਲ

ਪਾਣੀਪਤ : ਹਰਿਆਣਾ 'ਚ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਆਪਣੇ ਦੂਜੇ ਪੜਾਅ ਦੇ ਪਹਿਲੇ ਦਿਨ ਸ਼ੁੱਕਰਵਾਰ ਸਵੇਰੇ ਸਨੌਲੀ-ਪਾਣੀਪਤ ਰੋਡ ਤੋਂ ਮੁੜ ਸ਼ੁਰੂ ਹੋਈ। ਪਦਯਾਤਰਾ 'ਚ ਹਰਿਆਣਾ ਦੇ ਕਈ ਸੀਨੀਅਰ ਕਾਂਗਰਸੀ ਆਗੂ ਰ

7-JAN-PAGE-1.qxd 1/6/2023 9:54 PM Page 2

ਅਮਨਦੀਪ ਕੌਰ ਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ

ਮੱਖੂ (ਰਛਪਾਲ ਸਿੰਘ ਸੰਧੂ)-ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਮੈਡਮ ਅਮਨਦੀਪ ਕੌਰ ਨੇ ਸਕੂਲ ਦੀ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ। ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਮੈਡਮ ਅਮਨਦੀਪ ਕੌਰ ਵੱਲੋਂ ਸਕੂਲ ਦੀ ਪ੍ਰਿੰਸੀਪਲ ਦਾ ਅਹੁਦਾ ਸੰਭਾਲਣ 'ਤੇ ਵਿਭਾਗ ਦੇ ਅਹੁਦੇਦਾਰਾਂ ਤੇ ਸਟਾਫ ਵੱਲੋਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਵਧਾਈਆਂ ਦਿੱਤੀਆਂ। ਇਸ ਮੌਕੇ ਦੀਪਕ ਗੋਇਲ (ਵਿਭਾਗ ਸਚਿਵ), ਸੁਭਾਸ਼ ਗੁਪਤਾ (ਪ੍ਰਾਂਤ ਪ੍ਰਤੀਨਿਧੀ), ਡਾ. ਰਾਜੀਵ ਅਹੂਜਾ (ਪ੍ਰਧਾਨ), ਮਦਨ ਲਾਲ ਸੇਠੀ, ਡਾ. ਰਮਨ ਕੁਮਾਰ, ਸੱਤਪਾਲ ਦੁਆ ਤੇ ਸਮੂਹ ਸਟਾਫ ਮੌਜੂਦ ਸਨ।

ਨਿੱਜੀਕਰਨ ਖਿਲਾਫ਼ ਜੁਆਇੰਟ ਫੋਰਮ ਦੇ ਸੱਦੇ 'ਤੇ ਰੈਲੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਜੁਆਇੰਟ ਫੋਰਮ ਪਾਵਰਕਾਮ ਦੇ ਸੱਦੇ 'ਤੇ ਮਹਾਰਾਸ਼ਟਰ ਸਰਕਾਰ ਵੱਲੋਂ ਬਿਜਲੀ ਬੋਰਡ ਨੂੰ ਅਡਾਨੀ ਬਿਜਲੀ ਫ਼ਰਮ ਦੇ ਨਿੱਜੀ ਹੱਥਾਂ ਵਿੱਚ ਦੇਣ ਵਿਰੁੱਧ ਮੰਡਲ ਵਿਖੇ ਰੈਲੀ ਕੀਤੀ ਗਈ, ਜਿਸਦੀ ਪ੍ਰਧਾਨਗੀ ਰਮਨਦੀਪ ਸਿੰਘ ਫ਼ਰਵਾਹੀ, ਜੋਗਿੰਦਰ ਸਿੰਘ ਬੇਨੜਾ ਤੇ ਦਲਵੀਰ ਸਿੰਘ ਘਨੌਰ ਨੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਬਿਜਲੀ ਬੋਰਡ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੇ ਵਿਰੋਧ ਵਿੱਚ ਉਥੇ ਦੇ ਬਿਜਲੀ ਕਾਮੇ 72 ਘੰਟਿਆਂ ਦੀ ਹੜਤਾਲ 'ਤੇ ਚਲੇ ਗਏ ਅਤੇ ਉਨ੍ਹਾਂ ਦੇ ਹੱਕ ਵਿੱਚ ਇਸ ਰੈਲੀ ਰਾਹੀਂ ਮਹਾਰਾਸ਼ਟਰ ਸਰਕਾਰ ਦੇ ਇਸ ਫ਼ੈਸਲੇ ਦੀ ਜ਼ੋਰਦਾਰ ਨਿੰਦਿਆ ਕਰਦਿਆਂ ਮੰਗ ਕਰਦੇ ਹਾਂ ਕਿ ਉਪਰੋਕਤ ਫ਼ੈਸਲਾ ਵਾਪਸ ਲਿਆ ਜਾਵੇ ਤਾਂ ਜੁ ਪਾਵਰ ਦਾ ਮਹਿਕਮਾ ਨਿੱਜੀ ਹੱਥਾਂ ਵਿੱਚ ਨਾ ਜਾ ਸਕੇ। ਉਨ੍ਹਾਂ ਕਿਹਾ ਕਿ ਨਿੱਜੀ ਹੱਥਾਂ ਵਿੱਚ ਜਾਣ ਨਾਲ ਹਰੇਕ ਕਿਸਮ ਦੇ ਖਪਤਕਾਰਾਂ ਨੂੰ ਮਹਿੰਗੀ ਬਿਜਲੀ ਮਿਲੇਗੀ ਤੇ ਅਗਾਊਂ ਬਿਜਲੀ ਬਿੱਲ ਅਦਾ ਕਰਨੇ ਪੈਣਗੇ ਤੇ ਸਬਸਿਡੀ ਬਾਅਦ ਵਿੱਚ ਮਿਲੇਗੀ। ਸੰਬੋਧਨ ਕਰਨ ਵਾਲਿਆਂ ਵਿੱਚ ਸਤੀਸ਼ ਕੁਮਾਰ ਬੇਨੜਾ, ਬਲਵਿੰਦਰ ਸਿੰਘ ਚਾਂਗਲੀ, ਜਸਪਾਲ ਸਿੰਘ ਖੁਰਮੀ, ਸਲੀਮ ਖਾਂ ਭਲਵਾਨ, ਬਲਜੀਤ ਦਾਸ ਨੇ ਮੰਗ ਕੀਤੀ ਕਿ ਬਿਜਲੀ ਬਿੱਲ 2022 ਰੱਦ ਕੀਤਾ ਜਾਵੇ।

ਰੋਲਰ ਸਕੇਟ ਹਾਕੀ ਨੈਸ਼ਨਲ ਚੈਂਪੀਅਨਸ਼ਿਪ 'ਚ ਪੰਜਾਬ ਨੇ ਜਿੱਤਿਆ ਗੋਲਡ ਮੈਡਲ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਭਾਰਤੀਯ ਰੋਲਰ ਸਕੇਟਿੰਗ ਮਹਾਸੰਘ (ਇੰਡੀਆ ਸਕੇਟ) ਵੱਲੋਂ ਨੈਸ਼ਨਲ ਚੈਂਪਿਅਨਸ਼ਿਪ 2022 ਬੈਂਗਲੋਰ ਵਿਖੇ ਦਸੰਬਰ 2022 ਵਿੱਚ ਹੋਈ ਭਾਰਤੀਯ ਰੋਲਰ ਸਕੇਟਿੰਗ ਸੰਘ (ਇੰਡੀਆ ਸਕੇਟ) ਨੈਸ਼ਨਲ ਚੈਂਪੀਅਨਸ਼ਿਪ 2022 ਖੇਡਾ ਵਿੱਚ ਪੰਜਾਬ ਦੀ ਟੀਮ ਨੇ ਬੇਹਤਰੀਨ ਪ੍ਰਦਰਸ਼ਨ ਕਰਦੇ ਹੋਏ ਫ਼ਸਵੇਂ ਮੁਕਾਬਲੇ ਦੌਰਾਨ ਹਰਿਆਣਾ ਦੀ ਟੀਮ ਨੂੰ ਪਨੈਲਟੀ ਸ਼ੂਟ ਵਿੱਚ 43 ਨਾਲ ਹਰਾਇਆ। ਇਹ ਮੈਚ ਪਹਿਲਾਂ 22 'ਤੇ ਬਰਾਬਰ ਹੋ ਗਿਆ ਸੀ। ਅੰਡਰ 14 (ਲੜਕੇ) ਪੰਜਾਬ ਦੀ ਟੀਮ ਨੇ ਇਸ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਹਾਸਲ ਕਰਦੇ ਹੋਏ ਗੋਲਡ ਮੈਡਲ ਜਿੱਤਦੇ ਹੋਏ ਪੰਜਾਬ ਦਾ ਨਾਂਅ ਪੂਰੇ ਭਾਰਤ ਵਿੱਚ ਰੌਸ਼ਨ ਕੀਤਾ। ਪੰਜਾਬ ਦੀ ਅੰਡਰ 14 (ਲੜਕੇ) ਟੀਮ ਦੇ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਅਰਮਾਨਪਾਲ ਸਿੰਘ (ਗੋਲਕੀਪਰ), ਬਬਨ ਸਾਮਾ ਤੇ ਐਰਿਸ ਲੂਥਰਾ ਨੇ ਲਿਟਲ ਫਲਾਵਰ ਸਕੂਲ ਵੱਲੋਂ ਪੰਜਾਬ ਦੀ ਟੀਮ ਵਿੱਚ ਖੇਡਦੇ ਹੋਏ ਵਧੀਆ ਪ੍ਰਦਰਸ਼ਨ ਕੀਤਾ। ਦੱਸਣਯੋਗ ਹੈ ਕਿ ਲਿਟਲ ਫਲਾਵਰ ਸਕੂਲ ਦੇ ਕੋਚ ਡੈਨੀ ਸਕਾਰੀਆ ਦੀ ਕੋਚਿੰਗ ਤੇ ਮਿਹਨਤ ਸਦਕਾ ਇਹ ਵਿਦਿਆਰਥੀ ਲਗਾਤਾਰ ਵਧੀਆ ਪ੍ਰਦਰਸ਼ਨ ਕਰਦੇ ਆ ਰਹੇ ਹਨ। ਚੈਂਪਿਅਨਸ਼ਿਪ ਜਿੱਤਣ ਤੋਂ ਬਾਅਦ ਕੋਚ ਅਤੇ ਤਿੰਨੋਂ ਖਿਡਾਰੀਆਂ ਦਾ ਮੁਕਤਸਰ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਮੁਕਤਸਰ ਦੇ ਉਪ ਮੰਡਲ ਮੈਜਿਸਟ੍ਰੇਟ, ਕੰਵਰਜੀਤ ਸਿੰਘ ਮਾਨ ਪੀ.ਸੀ.ਐਸ. ਨੇ ਇਨ੍ਹਾਂ ਖਿਡਾਰੀਆਂ ਨੂੰ ਸਨਮਾਨਤ ਕੀਤਾ।

ਨਵ-ਨਿਯੁਕਤ ਸੀਨੀਅਰ ਵੈਟਰਨਰੀ ਅਫਸਰ ਡਾਕਟਰ ਦੀਪਇੰਦਰ ਦਾ ਭਰਵਾਂ ਸਵਾਗਤ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲੀ ਵਾਰ ਸਬ-ਡਵੀਜ਼ਨ ਪਾਤੜਾਂ ਵਿਖੇ ਸੀਨੀਅਰ ਵੈਟਰਨਰੀ ਅਫਸਰ ਦੀ ਨਿਯੁਕਤੀ ਕੀਤੀ ਹੈ। ਪਾਤੜਾਂ ਵਿੱਚ ਬਤੌਰ ਪਹਿਲੀ ਵਾਰ ਸੀਨੀਅਰ ਵੈਟਰਨਰੀ ਅਫਸਰ ਨਿਯੁਕਤ ਹੋਏ ਡਾਕਟਰ ਦੀਪਿੰਦਰ ਸਿੰਘ ਦਾ ਵੈਟਰਨਰੀ ਇੰਸਪੈਕਟਰ ਯੂਨੀਅਨ ਤੇ ਏ ਆਈ ਟੈਕਨੀਸ਼ੀਅਨ ਯੂਨੀਅਨ ਬਲਾਕ ਪਾਤੜਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਅਹੁਦਾ ਸੰਭਾਲਣ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੰਦੀਪ ਚੌਧਰੀ ਤੇ ਏ ਆਈ ਟੈਕਨੀਸ਼ੀਅਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਬਨਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਬ-ਡਵੀਜ਼ਨ ਪਾਤੜਾਂ 'ਚ ਪਹਿਲੀ ਵਾਰ ਸੀਨੀਅਰ ਵੈਟਰਨਰੀ ਅਫਸਰ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪਸ਼ੂ ਪਾਲਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ 40-50 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਜਾਣਾ ਪੈਂਦਾ ਸੀ। ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਨਿਯੁਕਤੀ ਦਾ ਇਲਾਕਾ ਨਿਵਾਸੀਆਂ ਨੂੰ ਭਰਪੂਰ ਫਾਇਦਾ ਹੋਵੇਗਾ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਵੈਟਰਨਰੀ ਅਫਸਰ ਡਾਕਟਰ ਦੀਪਇੰਦਰ ਸਿੰਘ ਨੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਅਖੰਡ ਪਾਠ ਕਰਾਇਆ

ਮੱਖੂ (ਰਛਪਾਲ ਸਿੰਘ ਸੰਧੂ)-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਵਿਖੇ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਕਰਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸੰਪੂਰਨ ਉਪਰੰਤ ਰਾਗੀ ਢਾਡੀ ਜਥੇ ਵੱਲੋਂ ਕੀਰਤਨ ਕੀਤਾ ਗਿਆ ਤੇ ਗੁਰਦੁਆਰਾ ਸਿੰਘ ਸਭਾ ਦੇ ਮੁੱਖ ਗ੍ਰੰਥੀ ਭਾਈ ਬਲਜੀਤ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸੁਖਮਨੀ ਸੇਵਾ ਸੁਸਾਇਟੀ ਮੱਖੂ ਦੀਆਂ ਬੀਬੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ ਤੇ ਸੰਗਤ ਲਈ ਲੰਗਰ ਤਿਆਰ ਕਰਨ ਦੀ ਸੇਵਾ ਨਿਭਾਈ ਗਈ। ਗੁਰਦੁਆਰਾ ਸਾਹਿਬ ਵਿਖੇ ਪਹੁੰਚੀ ਹੋਈ ਸੰਗਤ ਵਿੱਚ ਅਤੂੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਕਾਲੜਾ, ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ, ਸੇਵਾਦਾਰ ਗੁਰਨਾਮ ਸਿੰਘ, ਡਾ. ਨਰਿੰਦਰ ਸਿੰਘ ਗਾਂਧੀ, ਬਲਕਾਰ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ ਗਾਬਾ, ਦਰਸਨ ਸਿੰਘ ਕਟਾਰੀਆ, ਜਸਵੀਰ ਸਿੰਘ ਕਟਾਰੀਆ, ਬਲਵਿੰਦਰ ਸਿੰਘ ਕਟਾਰੀਆ, ਡਾ. ਬਿਨਵੰਤ ਸਿੰਘ, ਗੁਰਅਸੀਸ ਸਿੰਘ, ਬਿੱਟੂ ਨਾਰੰਗ, ਸੋਨੂੰ ਖੁਰਾਣਾ, ਕੁਨਾਲ ਅਹੂਜਾ, ਸ਼ਿਵਾ, ਗੁਰਪ੍ਰੀਤ ਸਿੰਘ, ਜਸਨਪ੍ਰੀਤ ਸਿੰਘ, ਹਰਮਨਜੋਤ ਸਿੰਘ, ਨੈਤਿਕ ਅਰੋੜਾ, ਅਨੁਰਾਗ, ਜੈਜੀਤ ਸਿੰਘ, ਅਭਿਜੋਤ ਸਿੰਘ, ਗੁਰਲਾਲ ਸਿੰਘ ਸਿੱਧੂ ਆਦਿ ਹਾਜ਼ਰ ਸਨ।

ਪੈਨਸ਼ਨਰਜ਼ ਐਸੋਸੀਏਸ਼ਨ ਨੇ ਵਿਧਾਇਕ ਜਗਦੀਪ ਕੰਬੋਜ ਨੂੰ ਦਿੱਤਾ ਮੰਗ ਪੱਤਰ

ਜਲਾਲਾਬਾਦ (ਜੀਤ ਕੁਮਾਰ)-ਪੰਨਸ਼ਨਰਜ ਐਸੋਸੀਏਸ਼ਨ ਪੰਜਾਬ ਸਟੇਟ ਪਾਵਰ ਤੇ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮ. ਮੰਡਲ ਜਲਾਲਾਬਾਦ ਦੀ ਕਾਰਜਕਾਰੀ ਕਮੇਟੀ ਦਾ ਵਫਦ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਮਿਲਿਆ। ਇਸ ਮੌਕੇ ਰਾਮ ਕਿਸ਼ਨ ਮੰਡਲ ਪ੍ਰਧਾਨ, ਭਗਵਾਨ ਚੰਦ, ਬਲਦੇਵ ਰਾਜ, ਯਸ਼ਪਾਲ, ਰਾਜ ਸਿੰਘ, ਇਕਬਾਲ ਸਿੰਘ, ਕੇਵਲ ਕ੍ਰਿਸ਼ਨ, ਕ੍ਰਿਪਾਲ ਸਿੰਘ, ਭਗਵਾਨ ਚੰਦ, ਰਾਮ ਚੰਦ, ਹਰਬੰਸ ਸਿੰਘ, ਪ੍ਰਕਾਸ਼ ਚੰਦ ਬੱਤਰਾ ਸਰਕਲ ਸੀਨੀ. ਮੀਤ ਪ੍ਰਧਾਨ, ਸੁਰਜਨ ਸਿੰਘ ਸਰਕਲ ਸਕੱਤਰ ਆਦਿ ਮੈਂਬਰ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਾਹੀਂ ਪੰਜਾਬ ਸਰਕਾਰ ਨੂੰ ਭੇਜੇ ਗਏ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਜਨਵਰੀ 2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਨੂੰ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਮੁਤਾਬਿਕ 2.59 ਗੁਣਾਂਕ ਨਾਲ ਪੈਨਸ਼ਨ ਦਿੱਤੀ ਜਾਵੇ। ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜੁਲਾਈ 2015 ਤੋਂ ਬਣਦਾ ਬਕਾਇਆ ਦਿੱਤਾ ਜਾਵੇ। ਕੈਸ਼ਲੈੱਸ ਸਕੀਮ ਸੋਧ ਕੇ ਮੁੜ ਲਾਗੂ ਕੀਤੀ ਜਾਵੇ। ਮੈਡੀਕਲ ਭੱਤਾ ਘੱਟੋ ਘੱਟ 2 ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਬਾਕੀ ਸੰਸਥਾਵਾਂ ਵੱਲੋਂ ਆਪਣੇ ਪੈਨਸ਼ਨਰਜ਼ ਨੂੰ ਵਿਸ਼ੇਸ਼ ਕਨਸੈਸ਼ਨ ਦਿੱਤੇ ਹਨ, ਉਸੇ ਮੁਤਾਬਿਕ ਬਿਜਲੀ ਬੋਰਡ/ਪਾਵਰਕਾਮ/ਟ੍ਰਾਂਸਕੋ ਦੇ ਪੈਨਸ਼ਨਰਜ਼ ਨੂੰ ਵੀ ਬਿਜਲੀ ਕਨਸੈਸ਼ਨ ਦਿੱਤਾ ਜਾਵੇ।

ਏਸ਼ੀਆ ਦਾ ਸਭ ਤੋਂ ਵੱਡਾ ਐਜੂਕੇਸ਼ਨਲ ਗਰੁੱਪ 'ਸ਼੍ਰੀ ਚੇਤਨਿਆ' ਹੁਣ ਧੂਰੀ 'ਚ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਹਰ ਇੱਕ ਮਾਤਾ-ਪਿਤਾ ਦੀ ਇੱਛਾ ਹੁੰਦੀ ਹੈ ਕਿ ਉਸ ਦੇ ਬੱਚੇ ਨੂੰ ਵਧੀਆ ਸਿੱਖਿਆ ਮਿਲੇ ਤੇ ਉਹ ਭਵਿੱਖ ਵਿੱਚ ਕਾਮਯਾਬ ਹੋਵੇ। ਏਸ਼ੀਆ ਦਾ ਸਭ ਤੋਂ ਵੱਡਾ ਐਜੂਕੇਸ਼ਨਲ ਗਰੁੱਪ ਸ਼੍ਰੀ ਚੇਤਨਿਆ, ਜੋ ਕਿ ਪਹਿਲਾਂ ਪੂਰੇ ਸਾਊਥ, ਈਸਟ ਤੇ ਵੈਸਟ ਵਿੱਚ 700 ਤੋਂ ਵਧੇਰੇ ਸਕੂਲ ਚਲਾ ਰਿਹਾ ਹੈ, ਨੇ ਹੁਣ ਨਾਰਥ ਵਿੱਚ ਸਕੂਲ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ, ਜਿਸ ਤਹਿਤ ਮਹਾਂਰਾਸ਼ਟਰ, ਨਵੀਂ ਦਿੱਲੀ, ਹਰਿਆਣਾ ਤੇ ਪੰਜਾਬ ਸ਼ਾਮਲ ਹਨ। ਪੰਜਾਬ ਵਿੱਚ ਜਲੰਧਰ, ਲੁਧਿਆਣਾ, ਮੋਗਾ, ਧੂਰੀ, ਬਰਨਾਲਾ ਵਿੱਚ ਪਹਿਲੀਆਂ ਬਰਾਂਚਾਂ ਨਵੇਂ ਸੈਸ਼ਨ 2023 ਤੋਂ ਸ਼ੁਰੂ ਹੋ ਰਹੀਆਂ ਹਨ। ਜਾਣਕਾਰੀ ਦਿੰਦੇ ਹੋਏ ਸ਼੍ਰੀ ਚੇਤਨਿਆ ਟੈਕਨੋ ਸਕੂਲ ਧੂਰੀ ਦੇ ਏ.ਜੀ.ਐੱਮ. ਚਗਰਲਾਮੁਡੀ ਰਾਮਬਾਬੂ ਨੇ ਦੱਸਿਆ ਕਿ ਸ਼੍ਰੀ ਚੇਤਨਿਆ ਟੈਕਨੋ ਸਕੂਲਜ਼ ਆਪਣੇ ਵਿਦਿਆਰਥੀਆਂ ਨੂੰ ਛੇਵੀਂ ਕਲਾਸ ਤੋਂ ਹੀ ਵੱਖ ਵੱਖ ਉੱਚ ਪ੍ਰੀਖਿਆਵਾਂ ਲਈ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ। ਸ਼੍ਰੀ ਚੇਤਨਿਆ ਗਰੁੱਪ ਦੇ ਇਸ ਸਾਲ ਆਈ.ਆਈ.ਟੀ. ਵਿੱਚ ਦੇਸ਼ ਦੀਆਂ ਕੁੱਲ ਸੀਟਾਂ ਦਾ 27 ਪ੍ਰਤੀਸ਼ਤ ਵਿਦਿਆਰਥੀ ਚੁਣੇ ਗਏ ਤੇ ਨੀਟ (ਮੈਡੀਕਲ ਐਂਟਰੈਂਸ ਟੈਸਟ) ਲਈ 23 ਪ੍ਰਤੀਸ਼ਤ ਵਿਦਿਆਰਥੀ ਚੁਣੇ ਗਏ। ਉਨ੍ਹਾਂ ਦੱਸਿਆ ਕਿ ਧੂਰੀ ਵਿੱਚ ਸ਼੍ਰੀ ਚੇਤਨਿਆ ਟੈਕਨੋ ਸਕੂਲ ਦੌਲਤਪੁਰ ਰੋਡ, ਨੇੜੇ ਕੈਂਬਰਿਜ ਸਕੂਲ ਖੁੱਲ੍ਹ ਚੁੱਕਿਆ ਹੈ, ਜਿਸ ਵਿੱਚ ਦਾਖਲਾ 20 ਦਸੰਬਰ 2022 ਤੋਂ 31 ਜਨਵਰੀ 2023 ਤੱਕ ਮੈਰਿਟ ਤੇ ਟੈਸਟ ਦੇ ਆਧਾਰ 'ਤੇ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਗਰੁੱਪ ਦੇ ਸਕੂਲਾਂ ਦੀ ਸਿੱਖਿਆ ਦੇ ਮਿਆਰ ਕਾਰਨ ਦਾਖਲੇ ਦੀ ਬੁਕਿੰਗ ਇੱਕ ਸਾਲ ਐਡਵਾਂਸ ਰਹਿੰਦੀ ਹੈ।

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਆਊਟਸੋਰਸ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ

■ ਸਰਕਾਰ ਵਰਕਰਾਂ ਨੂੰ ਸੰਬੰਧਤ ਵਿਭਾਗਾਂ 'ਚ ਸ਼ਾਮਲ ਕਰਕੇ ਪੱਕੇ ਕਰੇ : ਆਗੂ

ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਤੇ ਹੋਰ ਆਗੂ ਜਾਣਕਾਰੀ ਦਿੰਦੇ।

ਜਲਾਲਾਬਾਦ (ਜੀਤ ਕੁਮਾਰ)-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਵੱਲੋਂ ਡਿਪਟੀ ਕਮਿਸ਼ਨਰ ਦਫਤਰ ਬਰਨਾਲਾ ਦੇ ਆਊਟਸੋਰਸਿੰਗ ਮੁਲਾਜ਼ਮਾਂ ਦੇ ਕੱਚੇ-ਪਿਲੇ ਰੁਜ਼ਗਾਰ ਨੂੰ ਬਚਾਉਣ ਲਈ ਚੱਲ ਰਹੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਗਿਆ ਹੈ, ਜਿਸ ਸਬੰਧੀ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਚੱਕ ਜਾਨੀਸਰ, ਬ੍ਰਾਂਚ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਨੂਰ ਸਮੰਦ ਤੇ ਦਫਤਰੀ ਸਬ ਕਮੇਟੀ ਦੇ ਸੂਬਾ ਜਥੇਬੰਦੀ ਸਕੱਤਰ ਸੁਖਚੈਨ ਸਿੰਘ ਸੋਢੀ ਨੇ ਇਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਦਫਤਰ ਬਰਨਾਲਾ ਦਫਤਰ ਵਿੱਚ 24 ਕਲਰਕ, ਜੋਕਿ ਪੰਜਾਬ ਸਰਕਾਰ ਵੱਲੋਂ ਪਾਰਦਰਸ਼ੀ ਢੰਗ ਨਾਲ ਆਊਟਸੋਰਸ ਅਧੀਨ ਭਰਤੀ ਕੀਤੇ ਸੀ, ਜਿਨ੍ਹਾਂ ਨੂੰ ਇਥੇ ਕੰਮ ਕਰਦਿਆਂ ਨੂੰ 13 ਸਾਲ ਬੀਤ ਚੁੱਕੇ ਹਨ, ਪਰ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਇਨ੍ਹਾਂ ਆਊਟਸੋਰਸ ਕਲਰਕਾਂ ਦੀ ਥਾਂ ਨਵੀਂ ਪੱਕੀ ਭਰਤੀ ਕਰਕੇ ਨੌਕਰੀ ਤੋਂ ਕੱਢਿਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਾਰ ਲੇਡੀਜ਼ ਸਟਾਫ ਹੈ, ਇੱਥੋਂ ਤੱਕ ਕਿ ਕੁਝ ਔਰਤਾਂ ਹੈਂਡੀਕੈਪਟ ਵੀ

7 Jan-Page-3.qxd 1/6/2023 10:00 PM Page 1

ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਗੋਲਡਨ ਕਨਵੈਨਸ਼ਨ ਸੈਂਟਰ ਅੰਮ੍ਰਿਤਸਰ ਦੀ ਸ਼ਾਨ : ਅਮਨ ਅਰੋੜਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) : ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ, ਸ਼ਹਿਰੀ ਵਿਕਾਸ ਤੇ ਹਾਊਸਿੰਗ ਅਤੇ ਗੈਰ ਰਵਾਇਤੀ ਊਰਜਾ ਮੰਤਰੀ ਅਮਨ ਅਰੋੜਾ ਅਤੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਗਏ ਅੰਤਰਰਾਸ਼ਟਰੀ ਮਿਆਰ ਦੇ ਗੋਲਡਨ ਜੁਬਲੀ ਕਨਵੈਨਸ਼ਨ ਸੈਂਟਰ ਦਾ ਦੌਰਾ ਕੀਤਾ ਗਿਆ ਅਤੇ ਇਸ ਸੈਂਟਰ ਨੂੰ ਅੰਮ੍ਰਿਤਸਰ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ ਵਾਲਾ ਕਰਾਰ ਦਿੰਦਿਆਂ ਕਿਹਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਦੀ ਇਹ ਦੂਰ-ਅੰਦੇਸ਼ੀ ਦਾ ਹੀ ਕਮਾਲ ਹੈ ਕਿ ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਪੱਧਰ ਦਾ ਕਨਵੈਨਸ਼ਨ ਸੈਂਟਰ ਬਣਾਉਣ ਦਾ ਸਪਨਾ ਸਕਾਰ ਹੋ ਪਾਇਆ ਹੈ। ਉਨ੍ਹਾਂ ਕਿਹਾ ਕਿ ਇਸ ਕਨਵੈਨਸ਼ਨ ਸੈਂਟਰ ਦੀ ਧਮਕ ਚੰਡੀਗੜ੍ਹ ਤੱਕ ਪਈ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ ਹੁਣ ਅੰਮ੍ਰਿਤਸਰ ਵਿੱਚ ਕਰਵਾਉਣ ਨੂੰ ਵੱਡੀਆਂ ਸੰਸਥਾਵਾਂ ਪਹਿਲ ਦੇਣ ਲੱਗ ਪਈਆਂ ਹਨ ਜਿਸ ਨਾਲ ਅੰਮ੍ਰਿਤਸਰ ਦੇ ਵਿਕਾਸ ਨੂੰ ਹੋਰ ਬੱਲ ਮਿਲੇਗਾ। ਇਸ ਤੋਂ ਪਹਿਲਾਂ ਉਨ੍ਹਾਂ ਦਾ ਇਥੇ ਪੁੱਜਣ 'ਤੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸਰਬਜੋਤ ਸਿੰਘ ਬਹਿਲ ਅਤੇ ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੌਸਪੀਟੈਲਟੀ ਅਤੇ ਈਵੈਂਟਜ਼ ਦੇ ਨਵਨਿਯੁਕਤ ਡਾਇਰੈਕਟਰ, ਡਾ. ਤੇਜਵੰਤ ਸਿੰਘ ਕੰਗ ਨੇ ਕਨਵੈਨਸ਼ਨ ਸੈਂਟਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਲਡਨ ਜੁਬਲੀ ਕਨਵੈਨਸ਼ਨਟ ਸੈਂਟਰ ਵਿੱਚ 50 ਤੋਂ ਲੈ ਕੇ 1000 ਸੀਟ ਸਮਰੱਥਾ ਵਾਲੇ ਹਾਲ ਮੌਜੂਦ ਹਨ ਜੋ ਆਧੁਨਿਕ ਲੋੜਾਂ ਅਤੇ ਅੰਤਰਰਾਸ਼ਟਰੀ ਮਾਪਦੰਡ ਦੇ ਅਧਾਰ 'ਤੇ ਬਣੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਇਸ ਕਾਰਜ ਲਈ ਨਿਭਾਏ ਜਾ ਰਹੇ ਰੋਲ ਦੀ ਸ਼ਲਾਘਾ ਕਰਦਿਆਂ ਕਿਹਾ ਕਿਹਾ ਕਿ ਜੀ-20 ਦੇ ਪ੍ਰੋਗਰਾਮ ਵੀ ਇੱਥੇ ਕਰਵਾਉਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਰਿਆਲੀ ਦੀ ਵੀ ਸ਼ਲਾਘਾ ਕੀਤੀ ਅਤੇ ਯੂਨੀਵਰਸਿਟੀ ਨੂੰ 24ਵੀਂ ਵਾਰ ਮੌਲਾਨਾ ਅਬੁਲ ਕਲਾਮ ਅਜ਼ਾਦ (ਮਾਕਾ) ਟਰਾਫੀ ਮਿਲਣ ਅਤੇ ਨੈਕ ਵੱਲੋਂ 3.85/4 ਵਿਚ ਏ++ ਦਰਜਾ ਪ੍ਰਾਪਤ ਕਰਨ ਤੇ ਆਹਲਾ ਯੂਨੀਵਰਸਿਟੀ ਕਰਾਰ ਦੇਣ 'ਤੇ ਸਮੂਹ ਯੂਨੀਵਰਸਿਟੀ ਭਾਈਚਾਰੇ ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਨੂੰ ਵਧਾਈਆਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੀ ਧਾਰਮਿਕ ਤੇ ਇਤਿਹਾਸਕ ਮਹੱਤਤਾ ਦੇ ਕਾਰਨ ਦੁਨੀਆ ਭਰ ਤੋਂ ਲੋਕ ਇੱਥੇ ਆਉਂਦੇ ਹਨ। ਰੋਜ਼ਾਨਾ ਇੱਕ ਲੱਖ ਤੋਂ ਵੱਧ ਲੋਕਾਂ ਦੀ ਆਮਦ ਹੁੰਦੀ ਹੈ। ਅੰਮ੍ਰਿਤਸਰ ਨੂੰ ਅਜੇ ਵਿਕਾਸ ਦੀ ਬਹੁਤ ਲੋੜ ਹੈ ਜਿਸ ਦੇ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਲਈ ਸਾਡੇ ਕੋਲ ਵੱਡੀਆਂ ਯੋਜਨਾਵਾਂ ਹਨ ਅਤੇ ਛੇਤੀ ਹੀ ਇਨ੍ਹਾਂ 'ਤੇ ਅਮਲ ਸ਼ੁਰੂ ਕਰਕੇ ਅੰਮ੍ਰਿਤਸਰ ਨੂੰ ਦੇਸ਼ ਦਾ ਬਿਹਤਰੀਨ ਸ਼ਹਿਰ ਬਣਾਇਆ ਜਾਵੇਗਾ।

ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ,

ਪੱਟੀ (ਬਲਦੇਵ ਸਿੰਘ ਸੰਧੂ ,ਸ਼ਮਸ਼ੇਰ ਸਿੰਘ ਯੋਧਾ) : ਸਰਬੰਸਦਾਨੀ ਦਸਮ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਵਤਾਰ ਗੁਰਪੁਰਬ ਨੂੰ ਸਮਰਪਿਤ ਕਸਬਾ ਹਰੀਕੇ ਵਿਖੇ ਮਹਾਨ ਨਗਰ ਕੀਰਤਨ ਕਸਬੇ ਦੇ ਪਵਿੱਤਰ ਅਸਥਾਨ ਗੁਰਦੁਆਰਾ ਬਾਬਾ ਭਗਤ ਸਿੰਘ ਸਿੱਧ ਕੁਟੀਆ ਤੋਂ ਸਜਾਇਆ ਗਿਆ ਜੋ ਨਗਰ ਦੀ ਪ੍ਰਕਰਮਾ ਕਰਦਾ ਹੋਇਆ ਗੁਰੂ ਘਰ ਸਮਾਪਤ ਹੋਇਆ। ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਇਸ ਨਗਰ ਕੀਰਤਨ ਦਾ ਬਜ਼ਾਰ ਦੇ ਦੁਕਾਨਦਾਰਾਂ ਅਤੇ ਪਿੰਡ ਵਾਸੀਆਂ ਨੇ ਭਰਵਾਂ ਸੁਆਗਤ ਕੀਤਾ। ਸੰਗਤ ਦੇ ਸਤਿਕਾਰ ਹਿੱਤ ਜਗ੍ਹਾ ਜਗ੍ਹਾ ਗਰਮ ਦੁੱਧ , ਦਾਲ ਫੁਲਕਾ, ਮੂੰਗਫਲੀ, ਮਠਿਆਈਆਂ ਨਾਲ ਟਹਿਲ ਸੇਵਾ ਕੀਤੀ। ਰਾਗੀ ਢਾਡੀ ਅਤੇ ਕੀਰਤਨੀ ਜਥਿਆਂ ਨੇ ਸਿੱਖ ਤਵਾਰੀਖ ਦੇ ਪੰਨਿਆਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਫੁੱਲਾਂ ਨਾਲ ਸਜਾਈ ਪਾਲਕੀ 'ਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਨੂੰ ਸੰਗਤਾਂ ਨੇ ਨਮਨ ਕਰਦਿਆਂ ਦਸਮੇਸ਼ ਪਿਤਾ ਦੇ ਜਨਮ ਦਿਵਸ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ। ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਮਾਰਕੀਟ ਦੇ ਦੁਕਾਨਦਾਰਾਂ ਗੁਰਵਿੰਦਰ ਸਿੰਘ, ਡਾਕਟਰ ਰਾਜੇਸ਼ ਕੁਮਾਰ, ਰਾਮਬਲਦੇਵ ਸਿੰਘ, ਸੋਨੂ ਮਿਸਤਰੀ, ਰੋਸ਼ਨ ਲਾਲ ਧਵਨ, ਜਥੇਦਾਰ ਬਗੀਚਾ ਸਿੰਘ, ਸਤਨਾਮ ਸਿੰਘ ਮਾਡਲੀਏ ਅਤੇ ਕਿਸਾਨ ਆਗੂ ਸਵਰਨ ਸਿੰਘ ਖਹਿਰਾ ਆਦਿ ਨੇ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਨਗਰ ਕੀਰਤਨ ਦੌਰਾਨ ਸੇਵਾ ਕਰਨ ਵਾਲੇ ਸੇਵਾਦਾਰਾਂ ਵਿੱਚ ਅਜਾਇਬ ਸਿੰਘ, ਰਣਜੀਤ ਸਿੰਘ ਬਿੱਟੂ, ਕੰਵਲਜੀਤ ਸਿੰਘ ਸੰਧੂ, ਮਨਦੀਪ ਸਿੰਘ ਬੱਬੂ, ਲਖਵਿੰਦਰ ਸਿੰਘ ਰਾਜਾ, ਜਗਜੀਤ ਸਿੰਘ ਜੋਨੀ, ਗੁਰਮੇਲ ਸਿੰਘ ਸੋਨੂੰ, ਗੁਰਚਰਨ ਸਿੰਘ ਮਿੰਟੂ, ਡਾਕਟਰ ਮਨਜੀਤ ਸਿੰਘ, ਮਾਸਟਰ ਕੁਲਦੀਪ ਸਿੰਘ, ਬਲਬੀਰ ਸਿੰਘ ਕਾਕਾ, ਰਵਿੰਦਰ ਸਿੰਘ ਕਲਸੀ, ਵਿੱਕੀ, ਦਵਿੰਦਰ ਸਿੰਘ ਭੁੱਲਰ, ਨਿਰਮਲ ਸਿੰਘ ਨਿੰਮਾ, ਜਗਤਾਰ ਸਿੰਘ ਰਾਜਾ, ਮਿੰਟੂ ਪਨੇਸਰ ਆਦਿ ਦੇ ਨਾਂਅ ਵਰਨਣਯੋਗ ਹਨ।

ਤਹਿਸੀਲ ਕੰਪਲੈਕਸ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) : ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਤਹਿਸੀਲ ਕੰਪਲੈਕਸ ਦਫਤਰ ਵਿਖੇ ਐਸ ਡੀ ਐਮ ਦਫਤਰ ਅਤੇ ਤਹਿਸੀਲ ਦਫਤਰ ਦੇ ਸਮੂਹ ਕਰਮਚਾਰੀਆਂ ਵੱਲੋਂ ਨਾਇਬ ਤਸੀਲਦਾਰ ਸੰਦੀਪ ਕੁਮਾਰ ਦੀ ਅਗਵਾਈ ਹੇਠ ਨਵੇਂ ਸਾਲ ਦੀ ਆਮਦ ਨੂੰ ਲੈ ਕੇ ਗੁਰੂ ਦਾ ਓਟ ਆਸਰਾ ਲੈਣ ਲਈ ਅਤੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ । ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪੈਣ ਉਪਰੰਤ ਭਾਈ ਗੁਰਮੀਤ ਸਿੰਘ ਗਾਜੀਨੰਗਲ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਕੀਰਤਨੀਏ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਭਾਈ ਗੁਰਦੇਵ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ ਵਾਲਿਆਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਨਾਮ ਨਾਲ ਜੋੜਿਆ ਗਿਆ । ਇਸ ਮੌਕੇ ਨਾਇਬ ਤਹਿਸੀਲਦਾਰ ਸੰਦੀਪ ਕੁਮਾਰ ਨੇ ਕਿਹਾ ਕਿ ਅੱਜ ਨਵੇਂ ਸਾਲ ਦੇ ਮੌਕੇ ਸਮੂਹ ਕਰਮਚਾਰੀਆਂ ਵੱਲੋਂ ਤਹਿਸੀਲ ਕੰਪਲੈਕਸ ਵਿਖੇ ਗੁਰੂ ਮਹਾਰਾਜ ਦੇ ਚਰਨ ਪਵਾਏ ਹਨ ਤੇ ਗੁਰੂ ਦਾ ਓਟ ਆਸਰਾ ਲਿਆ ਹੈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਹੈ ਤਾਂ ਜੋ ਗੁਰੂ ਮਹਾਰਾਜ ਸਾਰਾ ਸਾਲ ਆਪਣੇ ਦਾਸਾਂ 'ਤੇ ਮੇਹਰ ਭਰਿਆਂ ਹੱਥ ਰੱਖਣ । ਇਸ ਮੌਕੇ ਰੋਸ਼ਨ ਸਿੰਘ ਕਾਨੂੰਗੋ ,ਦਲਜੀਤ ਰਾਏ ਕਾਨੂੰਗੋ ਸਰਬਜੀਤ ਸਿੰਘ ਰਜਿਸਟਰੀ ਕਲਰਕ ,ਇੰਦਰਜੀਤ ਸਿੰਘ ਪਟਵਾਰੀ ਬਲਾਕ ਪ੍ਰਧਾਨ ,ਪਟਵਾਰੀ ਹਰਪ੍ਰੀਤ ਸਿੰਘ ਲਾਲੀ ,ਪਟਵਾਰੀ ਹਰਪ੍ਰੀਤ ਸਿੰਘ ਫੌਜੀ ,ਪਟਵਾਰੀ ਹਰਜੀਤ ਰਾਏ ,ਪਟਵਾਰੀ ਸਤਿੰਦਰਪਾਲ ਸਿੰਘ ,ਪਟਵਾਰੀ ਨਵਜੋਤ ਸਿੰਘ ,ਪਟਵਾਰੀ ਸੁਰਿੰਦਰਪਾਲ ਸਿੰਘ ,ਪਟਵਾਰੀ ਪਰਮਿੰਦਰਜੀਤ ਸਿੰਘ ,ਪਟਵਾਰੀ ਮੁਖਤਾਰ ਸਿੰਘ ,ਪਟਵਾਰੀ ਸੁਖਦੇਵ ਸਿੰਘ ,ਅਰਪਿੰਦਰ ਸਿੰਘ ਕਾਹਲੋਂ ਮੋਟਰ ਵਹੀਕਲ ਕਲਰਕ ,ਜਸਵਿੰਦਰ ਸਿੰਘ ,ਸਿਕੰਦਰ ਸਿੰਘ ,ਦਪਿੰਦਰ ਸਿੰਘ ,ਸੰਜੀਵ ਸ਼ਰਮਾ ,ਰੀਡਰ ਇੰਦਰਜੀਤ ,ਮੈਡਮ ਰੁਪਿੰਦਰ ਕੌਰ ,ਮੈਡਮ ਰਾਜਦੀਪ ਕੌਰ ,ਮੈਡਮ ਬਲਜੀਤ ਕੌਰ ਸਟੈਨੋ, ਮੈਡਮ ਸੁਰਿੰਦਰ ਕੌਰ, ਮੈਡਮ ਕੁਲਵਿੰਦਰ ਕੌਰ ,ਨਿਰਮਲ ਸ਼ਰਮਾ ਵਸੀਕਾ ,ਜਗਜੀਤ ਸਿੰਘ ਸੋਹਲ ਵਸੀਕਾ ,ਰਘੁਵਿੰਦਰ ਸ਼ਰਮਾ ,ਗਗਨਦੀਪ ਸਿੰਘ ਸੋਹਲ ,ਪ੍ਰਿਤਪਾਲ , ਹਰੀਸ਼ ਕੁਮਾਰ ,ਅਮਨ ਕੁਮਾਰ ਸਮੇਤ ਐਮ ਡੀ ਐਮ ਦਫਤਰ ,ਤਹਿਸੀਲ ਦਫਤਰ , ਆਂਗਣਵਾੜੀ ਦਫਤਰ ਦੇ ਸਮੂਹ ਕਰਮਚਾਰੀ ਮੁਲਾਜ਼ਮ ਹਾਜ਼ਰ ਸਨ । ਇਸ ਮੌਕੇ ਪ੍ਰਬੰਧਕਾਂ ਵੱਲੋਂ ਲੰਗਰ ਵੀ ਲਗਾਇਆ ਗਿਆ ।

ਬਲਦੇਵ ਸਿੰਘ ਝਬਾਲ ਨੂੰ ਵੱਖ-ਵੱਖ ਰਾਜਨੀਤਕ ਆਗੂਆਂ ਵੱਲੋਂ ਸ਼ਰਧਾਂਜਲੀ

ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)-ਝਬਾਲ ਤੋਂ ਪੱਤਰਕਾਰ ਹਰਜਿੰਦਰ ਸਿੰਘ ਲਾਲਾਂ ਅਤੇ ਸਬ ਇੰਸ. ਕਸ਼ਮੀਰ ਸਿੰਘ ਝਬਾਲ ਦੇ ਪਿਤਾ ਬਲਦੇਵ ਸਿੰਘ ਜੋ ਕੁਝ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ ਅਤੇ ਵੈਰਾਗਮਈ ਕੀਰਤਨ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਵਿਖੇ ਰਾਗੀ ਜਥਾ ਭਾਰੀ ਬਲਵਿੰਦਰ ਸਿੰਘ ਝਬਾਲ ਨੇ ਕੀਤਾ। ਲੋਕ ਇਨਸਾਫ ਪਾਰਟੀ ਮਾਝੇ ਦੇ ਇੰਚਾਰਜ ਅਮਰੀਕ ਸਿੰਘ ਵਰਪਾਲ, ਐੱਸਡੀਓ ਰਮਿੰਦਰ ਸਿੰਘ ਵਾਲੀਆ, ਗਿਆਨੀ ਤਰਲੋਚਨ ਸਿੰਘ ਪੰਡੋਰੀ ਸਿੱਧਵਾਂ, ਗੁਰਮੀਤ ਸਿੰਘ ਲੱਕੀ ਟੈਂਟ ਹਾਊਸ, ਚੇਅਰਮੈਨ ਰਮਨ ਕੁਮਾਰ ਸ਼ਰਮਾ ਝਬਾਲ, ਲੇਖਕ ਜਸਬੀਰ ਸਿੰਘ ਝਬਾਲ, ਕਿਸਾਨ ਆਗੂ ਕੈਪਟਨ ਸਿੰਘ ਬਘਿਆੜੀ, ਬਾਬਾ ਵਰਿਆਮ ਸਿੰਘ, ਡਾ. ਬਜਾਜ, ਸਾਬਕਾ ਸਰਪੰਚ ਅਮਰੀਕ ਸਿੰਘ ਲੁਹਾਰਕਾ, ਏਐੱਸਆਈ ਸੁਖਦੇਵ ਸਿੰਘ ਚੇਤਨਪੁਰਾ, ਅਵਤਾਰ ਸਿੰਘ ਫੌਜੀ, ਗੁਰਮੀਤ ਸਿੰਘ ਸ਼ਾਹ, ਬਲਵਿੰਦਰ ਸਿੰਘ ਮਿੰਟੂ, ਬਲਕਾਰ ਸਿੰਘ ਭੋਲਾ, ਰਛਪਾਲ ਸਿੰਘ ਭਕਨਾ ਖੁਦ, ਏਐੱਸਆਈ ਹਰਦੀਪ ਸਿੰਘ, ਹੈਲਥ ਵਰਕਰ ਤੇਜਬੀਰ ਸਿੰਘ, ਐੱਸਆਈ ਜੋਗਰਾਜ ਸਿੰਘ, ਹੈਲਥ ਵਰਕਰ ਸੁਨੀਲ, ਇੰਸ ਦਿਲਬਾਗ ਸਿੰਘ, ਪੱਤਰਕਾਰ ਭਾਈਚਾਰੇ ਦੇ ਚੇਅਰਮੈਨ ਕਿਰਪਾਲ ਸਿੰਘ ਸੋਹਲ, ਦਿਲਜੀਤ ਸਿੰਘ ਚੱਢਾ, ਹਰਦੀਪ ਸਿੰਘ ਸੋਨੀ, ਦਵਿੰਦਰ ਸਿੰਘ ਮੰਗਾ, ਮਨਜੀਤ ਸਿੰਘ ਰੰਧਾਵਾ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਨਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਦਰ ਗੁਰਦਾਸਪੁਰ ਵੱਲੋਂ ਇਕ ਵਿਅਕਤੀ ਪਾਸੋਂ 30 ਕਿਲੋ ਲਾਹਣ ਅਤੇ 3000 ਐਮ ਐਲ ਨਜਾਇਜ਼ ਸ਼ਰਾਬ ਬਰਾਮਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਏ ਐਸ ਆਈ ਬਲਜੀਤ ਸਿੰਘ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਮੁਖਬਰ ਖਾਸ ਦੀ ਇਤਲਾਹ 'ਤੇ ਅਮਰਜੀਤ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਹੇਮਰਾਜਪੁਰ ਦੇ ਘਰ ਰੇਡ ਕਰਕੇ ਦੋਸ਼ੀ ਨੂੰ 30 ਕਿਲੋ ਲਾਹਣ ਤੇ 3000 ਐਮ ਐਲ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ।

ਟਰੱਸਟ ਵੱਲੋਂ ਸੁਰਸਿੰਘ ਵਿਖੇ ਅੱਖਾਂ ਦਾ ਫ੍ਰੀ ਕੈਂਪ 8 ਨੂੰ

ਪੱਟੀ, (ਬਲਦੇਵ ਸਿੰਘ ਸੰਧੂ , ਸ਼ਮਸ਼ੇਰ ਸਿੰਘ ਯੋਧਾ) : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੱਖਾਂ ਦਾ ਫ੍ਰੀ ਕੈਂਪ ਟਰੱਸਟ ਦੇ ਬਾਨੀ ਡਾ. ਐਸ ਪੀ ਸਿੰਘ ਓਬਰਾਏ ਦੀ ਅਗਵਾਈ ਹੇਠ ਪਿੰਡ ਸੁਰ ਸਿੰਘ, ਬੱਸ ਅੱਡੇ ਵਿਖੇ ਲਗਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਟਰੱਸਟ ਦੇ ਵਾਈਸ ਪ੍ਰਧਾਨ ਵਿਸ਼ਾਲ ਸੂਦ ਨੇ ਦੱਸਿਆ ਕਿ ਡਾਕਟਰ ਐਸ ਪੀ ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਮਾਨਵਤਾ ਨੂੰ ਸਮਰਪਤ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ । ਇਸੇ ਲੜੀ ਨੂੰ ਅੱਗੇ ਤੋਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ 563ਵਾਂ ਅੱਖਾਂ ਦਾ ਫ੍ਰੀ ਕੈਂਪ ਪਿੰਡ ਸੁਰਸਿੰਘ ਵਿਖੇ ਮਿਤੀ 8 ਜਨਵਰੀ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ । ਡਾਕਟਰ ਉਬਰਾਏ ਦੇ ਯਤਨਾਂ ਸਦਕਾ ਹੁਣ ਤੱਕ ਹਜ਼ਾਰਾਂ ਲੋੜਵੰਦ ਮਰੀਜ਼ਾਂ ਨੂੰ ਇਹ ਦੁਨੀਆ ਮੁੜ ਵੇਖਣ ਲੱਗੀ ਹੈ । ਇਸ ਕੈਂਪ ਵਿੱਚ ਲੁਧਿਆਣਾ ਸ਼ਹਿਰ ਦੇ ਸ਼ੰਕਰਾ ਆਈ ਕੇਅਰ ਹਸਪਤਾਲ ਦੇ ਮਾਹਰ ਡਾਕਟਰ ਮਰੀਜ਼ਾਂ ਦੀ ਜਾਂਚ ਕਰਨਗੇ । ਇਸ ਦੌਰਾਨ ਜੋ ਮਰੀਜ਼ ਅਪ੍ਰੇਸ਼ਨ ਲਈ ਚੁਣੇ ਜਾਣਗੇ ਉਨ੍ਹਾਂ ਦਾ ਆਪ੍ਰੇਸ਼ਨ ਉੱਚ ਤਕਨੀਕ ਨਾਲ, ਬਿਲਕੁੱਲ ਫ੍ਰੀ ਕਰਵਾਇਆ ਜਾਵੇਗਾ। ਜਿਹੜੇ ਮਰੀਜ਼ਾਂ ਨੂੰ ਐਨਕਾਂ, ਦਵਾਈਆਂ ਦੀ ਲੋੜ ਹੋਵੇਗੀ ਉਨ੍ਹਾਂ ਨੂੰ ਐਨਕਾਂ, ਦਵਾਈਆਂ ਬਿਲਕੁੱਲ ਫ੍ਰੀ ਦਿੱਤੀਆਂ ਜਾਣਗੀਆਂ। ਆਪ੍ਰੇਸ਼ਨ ਵਾਸਤੇ ਚੁਣੇ ਗਏ ਮਰੀਜ਼ਾਂ ਦਾ ਆਉਣ-ਜਾਣ, ਖਾਣ-ਪੀਣ, ਰਹਿਣ ਆਦਿ ਦਾ ਪ੍ਰਬੰਧ ਵੀ ਕੀਤਾ ਜਾਵੇਗਾ । ਇਸ ਮੌਕੇ ਉਨ੍ਹਾਂ ਕਿਹਾ ਕਿ ਮਰੀਜ਼ ਆਪਣੇ ਆਧਾਰ ਕਾਰਡ ਜਰੂਰ ਨਾਲ ਲੈ ਕੇ ਆਉਣ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਇਹ ਜਾਣਕਾਰੀ ਪਹੁੰਚਾਈ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦਾ ਲਾਹਾ ਲੈ ਸਕਣ ।

ਪੁਲਸ ਵੱਲੋਂ ਨਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ (ਜਨਕ ਮਹਾਜਨ) : ਪੁਲਸ ਥਾਣਾ ਦ

7-January-PAGE-4-2.qxd 1/6/2023 10:06 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 7 ਜਨਵਰੀ 2023

ਭਾਰਤ ਜੋੜੋ ਯਾਤਰਾ ਤੇ ਖੱਬੀ ਧਿਰ

ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਆਪਣੀ ਆਖ਼ਰੀ ਮੰਜ਼ਲ ਵੱਲ ਵਧ ਰਹੀ ਹੈ। ਇਹ ਯਾਤਰਾ ਹੁਣ ਤੱਕ 10 ਰਾਜਾਂ ਨੂੰ ਗਾਹੁੰਦਿਆਂ 3000 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕਰਕੇ ਹਰਿਆਣੇ ਵਿੱਚ ਦਾਖ਼ਲ ਹੋ ਚੁੱਕੀ ਹੈ। ਇਸ ਮਹੀਨੇ ਦੀ 11 ਤਰੀਕ ਨੂੰ ਇਹ ਪੰਜਾਬ ਵਿੱਚ ਦਾਖ਼ਲ ਹੋਵੇਗੀ। ਇੱਕ ਹਫ਼ਤਾ ਪੰਜਾਬ ਵਿੱਚ ਘੁੰਮਣ ਤੋਂ ਬਾਅਦ ਇਹ ਆਪਣੇ ਆਖ਼ਰੀ ਪੜਾਅ ਜੰਮੂ-ਕਸ਼ਮੀਰ ਵੱਲ ਰਵਾਨਾ ਹੋ ਜਾਵੇਗੀ।

ਫਾਸ਼ੀਵਾਦੀ ਹਾਕਮਾਂ ਨੇ ਆਪਣੇ ਅੱਠ ਸਾਲਾਂ ਦੇ ਰਾਜ ਦੌਰਾਨ ਅਜਿਹਾ ਮਾਹੌਲ ਸਿਰਜ ਦਿੱਤਾ ਸੀ ਕਿ ਧਰਮ-ਨਿਰਪੱਖਤਾ, ਜਮਹੂਰੀਅਤ, ਘੱਟਗਿਣਤੀਆਂ ਦੇ ਹੱਕਾਂ-ਹਿੱਤਾਂ ਦੀ ਗੱਲ ਕਰਨਾ ਇੱਕ ਅਪਰਾਧ ਬਣਾ ਦਿੱਤਾ ਗਿਆ ਸੀ। ਆਮ ਲੋਕਾਂ 'ਤੇ ਡਰ ਦਾ ਮਾਹੌਲ ਹਾਵੀ ਸੀ। ਸਿਆਸੀ ਆਗੂ ਵੀ ਬੋਲਣ ਤੋਂ ਪਹਿਲਾਂ ਸੌ ਵਾਰ ਸੋਚਦੇ ਸਨ। ਹਿੰਦੂਤਵੀਆਂ ਵੱਲੋਂ ਸੰਵਿਧਾਨ ਦੀਆਂ ਕਦਰਾਂ-ਕੀਮਤਾਂ 'ਤੇ ਲਗਾਤਾਰ ਹਮਲੇ ਹੋ ਰਹੇ ਸਨ। ਨਫ਼ਰਤੀ ਪ੍ਰਾਪੇਗੰਡਾ ਲਗਾਤਾਰ ਜਾਰੀ ਸੀ। ਇਸ ਮਾਹੌਲ ਵਿੱਚ ਸ਼ੁਰੂ ਹੋਈ ਇਸ ਭਾਰਤ ਜੋੜੋ ਯਾਤਰਾ ਨੂੰ ਜਿੰਨਾ ਹੁੰਗਾਰਾ ਮਿਲਿਆ ਹੈ, ਉਸ ਦੀ ਪਹਿਲਾਂ ਆਸ ਨਹੀਂ ਸੀ। ਅੱਜ ਇਹ ਯਾਤਰਾ ਰਾਜਨੀਤੀ ਦੇ ਕੇਂਦਰ ਵਿੱਚ ਆ ਚੁੱਕੀ ਹੈ। ਇੱਥੋਂ ਤੱਕ ਕਿ ਭਾਜਪਾ ਦੇ ਅੰਦਰ ਵੀ ਇਸ ਯਾਤਰਾ ਨੇ ਡਰ ਪੈਦਾ ਕਰ ਦਿੱਤਾ ਹੈ। ਮੋਦੀ ਨੇ ਆਪਣੇ ਸਭ ਮੰਤਰੀਆਂ ਦੀ ਡਿਊਟੀ ਲਾਈ ਹੈ ਕਿ ਉਹ ਸਰਕਾਰ ਦੀਆਂ ਕਲਿਆਣਕਾਰੀ ਨੀਤੀਆਂ ਦਾ ਪ੍ਰਚਾਰ ਕਰਨ। ਅਮਿਤ ਸ਼ਾਹ ਇਸ ਮਹੀਨੇ ਖੁਦ ਯਾਤਰਾ ਸ਼ੁਰੂ ਕਰਨ ਜਾ ਰਹੇ ਹਨ। ਭਾਜਪਾ ਇਸ ਦੇ ਜਵਾਬ ਵਿੱਚ ਵਿਸ਼ਵ ਜੋੜੋ ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ।

ਸਭ ਸਿਆਸੀ ਆਗੂਆਂ, ਮੀਡੀਆ, ਧਾਰਮਿਕ ਤੇ ਸਮਾਜਕ ਆਗੂਆਂ 'ਚ ਇਸ ਯਾਤਰਾ ਦੀ ਚਰਚਾ ਹੈ। ਗੋਦੀ ਮੀਡੀਆ ਦੀਆਂ ਨਫ਼ਰਤੀ ਮੁਹਿੰਮਾਂ ਦੀ ਥਾਂ ਇਸ ਯਾਤਰਾ ਦਾ ਮੀਡੀਏ ਦੇ ਕੇਂਦਰ ਵਿੱਚ ਆ ਜਾਣਾ ਇੱਕ ਹਾਂ-ਪੱਖੀ ਤਬਦੀਲੀ ਹੈ। ਭਾਈਚਾਰੇ ਤੇ ਮੁਹੱਬਤ ਦਾ ਸੁਨੇਹਾ ਲੈ ਕੇ ਚੱਲ ਰਹੀ ਇਹ ਯਾਤਰਾ ਫਿਰਕੂ ਕਤਾਰਬੰਦੀ ਦੀ ਸੰਘੀ ਸਿਆਸਤ 'ਤੇ ਕਰਾਰਾ ਵਾਰ ਹੈ। ਇਹ ਯਾਤਰਾ ਚੋਣ ਸਿਆਸਤ 'ਤੇ ਕਿੰਨਾ ਅਸਰ-ਅੰਦਾਜ਼ ਹੋਵੇਗੀ, ਇਹ ਭਵਿੱਖ ਦੇ ਗਰਭ ਵਿੱਚ ਹੈ, ਪਰ ਇਸ ਨੇ ਭਾਰਤ ਦੀ ਸਭ ਤੋਂ ਪੁਰਾਣੀ ਤੇ ਵੱਡੀ ਵਿਰੋਧੀ ਪਾਰਟੀ ਨੂੰ ਫਾਸ਼ੀਵਾਦ ਵਿਰੁੱਧ ਲੜਨ ਲਈ ਹੌਸਲਾ ਦੇਣ ਦਾ ਕੰਮ ਜ਼ਰੂਰ ਕੀਤਾ ਹੈ। ਇਸ ਯਾਤਰਾ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਫਾਸ਼ੀ ਹਕੂਮਤ ਨੂੰ ਹਰਾਉਣ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਇਹ ਯਾਤਰਾ ਸਭ ਵਿਰੋਧੀ ਧਿਰਾਂ ਨੂੰ ਨਿਰਾਸ਼ਾ ਦੇ ਆਲਮ ਵਿੱਚੋਂ ਨਿਕਲ ਕੇ ਮੈਦਾਨ ਮੱਲਣ ਵਿੱਚ ਵੀ ਮਦਦ ਕਰ ਰਹੀ ਹੈ। ਸਭ ਜਮਹੂਰੀਅਤ ਪਸੰਦ ਲੋਕ ਇਸ ਯਾਤਰਾ ਦੀ ਸਫਲਤਾ ਦੀ ਕਾਮਨਾ ਕਰਦੇ ਹਨ ਤੇ ਕੁਝ ਇਸ ਵਿੱਚ ਸ਼ਾਮਲ ਹੋ ਰਹੇ ਹਨ। ਇਸ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਆਪਣੇ ਸਿਆਸੀ ਫਾਇਦੇ ਤੇ ਨੁਕਸਾਨ ਦੇ ਅਧਾਰ 'ਤੇ ਯਾਤਰਾ ਪ੍ਰਤੀ ਆਪਣਾ ਰੁਖ ਤੈਅ ਕਰ ਰਹੀਆਂ ਹਨ।

ਇਸ ਯਾਤਰਾ ਪ੍ਰਤੀ ਖੱਬੇ-ਪੱਖੀ ਧਿਰਾਂ ਦਾ ਰਵੱਈਆ ਕੀ ਹੋਵੇ, ਇਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇੱਕ ਗੱਲ ਸਾਨੂੰ ਭੁੱਲਣੀ ਨਹੀਂ ਚਾਹੀਦੀ ਕਿ ਇਸ ਯਾਤਰਾ ਤੋਂ ਪਹਿਲਾਂ ਮਹਾਨ ਕਿਸਾਨ ਅੰਦੋਲਨ ਸੀ, ਜਿਸ ਨੇ ਨਫ਼ਰਤੀ ਦੀਵਾਰਾਂ ਨੂੰ ਤੋੜਦਿਆਂ ਫਾਸ਼ੀ ਹਕੂਮਤ ਦਾ ਨੱਕ ਭੰਨ ਦਿੱਤਾ ਸੀ। ਇਹ ਵੀ ਸਮਝਣਾ ਚਾਹੀਦਾ ਹੈ ਕਿ ਕਾਂਗਰਸ ਪਾਰਟੀ ਇੱਕ ਸਰਮਾਏਦਾਰ ਪਾਰਟੀ ਹੈ। ਉਸ ਤੋਂ ਇਹ ਆਸ ਕਰਨੀ ਕਿ ਆਦਿਵਾਸੀਆਂ ਦੀ ਜੰਗਲ-ਜ਼ਮੀਨ ਦੀ ਰਾਖੀ ਲਈ ਉਹ ਕਾਰਪੋਰੇਟਾਂ ਨਾਲ ਟਕਰਾਏਗੀ, ਕਾਲੇ ਕਾਨੂੰਨਾਂ ਨੂੰ ਰੱਦ ਕਰ ਦੇਵੇਗੀ, ਰੁਜ਼ਗਾਰ ਨੂੰ ਮੌਲਿਕ ਅਧਿਕਾਰ ਬਣਾਏਗੀ, ਐਮ ਐਸ ਪੀ ਦੀ ਗਰੰਟੀ ਦਾ ਵਾਅਦਾ ਪੂਰਾ ਕਰੇਗੀ, ਨਵੀਆਂ ਆਰਥਕ ਨੀਤੀਆਂ ਤੇ ਨਿੱਜੀਕਰਨ ਨੂੰ ਪੁੱਠਾ ਗੇੜਾ ਦੇ ਦੇਵੇਗੀ, ਗਲਤ ਹੋਵੇਗੀ।

ਅਸਲ ਵਿੱਚ ਇਸ ਯਾਤਰਾ ਦੇ ਨਾਲ-ਨਾਲ ਖੱਬੇ ਪੱਖੀ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਨੂੰ ਵੱਖ-ਵੱਖ ਮੰਚਾਂ ਤੋਂ ਜਨ -ਅੰਦੋਲਨ ਸ਼ੁਰੂ ਕਰਨੇ ਹੋਣਗੇ ਤਾਂ ਜੋ ਇਹ ਸਵਾਲ 2024 ਦੀਆਂ ਚੋਣਾਂ ਦਾ ਏਜੰਡਾ ਬਣ ਸਕਣ। ਇਹ ਜਨ-ਅੰਦੋਲਨ ਹੀ ਕਾਂਗਰਸ ਸਮੇਤ ਦੂਜੀਆਂ ਵਿਰੋਧੀ ਪਾਰਟੀਆਂ ਨੂੰ ਮਜਬੂਰ ਕਰਨਗੇ ਕਿ ਉਹ ਆਪਣੇ ਏਜੰਡੇ ਵਿੱਚ ਇਨ੍ਹਾਂ ਨੂੰ ਸ਼ਾਮਲ ਕਰਨ।

ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਐਮ ਐਸ ਪੀ ਦੀ ਮੰਗ ਨੂੰ ਲੈ ਕੇ ਇੱਕ ਵਾਰ ਫਿਰ ਦੇਸ਼ਵਿਆਪੀ ਕਿਸਾਨ ਅੰਦੋਲਨ ਖੜ੍ਹਾ ਕੀਤਾ ਜਾਵੇ। ਇਸ ਦੇ ਨਾਲ ਰੁਜ਼ਗਾਰ ਦੇ ਮੁੱਦੇ 'ਤੇ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਅੰਦੋਲਨ, ਨਵੇਂ ਲੇਬਰ ਕਾਨੂੰਨਾਂ ਵਿਰੁੱਧ ਮਜ਼ਦੂਰ ਅੰਦੋਲਨ, ਪੁਰਾਣੀ ਪੈਨਸ਼ਨ ਬਹਾਲੀ ਲਈ ਅੰਦੋਲਨ ਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਵੇਚਣ ਵਿਰੁੱਧ ਮੁਲਾਜ਼ਮ ਅੰਦੋਲਨ ਇਸ ਸਮੇਂ ਦੀ ਵੱਡੀ ਲੋੜ ਹੈ। ਇਹ ਜਨ-ਅੰਦੋਲਨ ਹੀ ਵਿਰੋਧੀ ਧਿਰਾਂ ਦੀ ਏਕਤਾ ਤੇ ਇੱਕ ਜਨ-ਕਲਿਆਣਕਾਰੀ ਬਦਲਵੇਂ ਪ੍ਰੋਗਰਾਮ ਲਈ ਠੋਸ ਅਧਾਰ ਬਣ ਸਕਦੇ ਹਨ।

-ਚੰਦ ਫਤਿਹਪੁਰੀ

ਕਿਸਾਨ, ਦੁੱਗਣੀ ਆਮਦਨ ਅਤੇ ਕੇਂਦਰ ਸਰਕਾਰ

ਗੁਰਮੀਤ ਸਿੰਘ ਪਲਾਹੀ

ਗੱਲ ਅੰਕੜਿਆਂ ਤੋਂ ਸ਼ੁਰੂ ਕਰਦੇ ਹਾਂ। ਮਾਰਚ 2022 ਵਿੱਚ ਖੇਤੀ ਉਤੇ ਬਣੀ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦੋ ਸਰਵੇਖਣਾਂ ਦੇ ਅੰਕੜੇ ਸਾਹਮਣੇ ਲਿਆਂਦੇ ਹਨ ਅਤੇ ਇਨ੍ਹਾਂ ਅੰਕੜਿਆਂ ਨੂੰ ਆਪਣੀ ਰਿਪੋਰਟ ਦਾ ਆਧਾਰ ਬਣਾਇਆ ਹੈ। ਰਿਪੋਰਟ ਅਤੇ ਅੰਕੜਿਆਂ ਅਨੁਸਾਰ 2015-16 ਵਿੱਚ ਦੇਸ਼ ਦੇ ਕਿਸਾਨਾਂ ਦੀ ਮਹੀਨੇ ਦੀ ਔਸਤ ਆਮਦਨ 8,059 ਰੁਪਏ ਸੀ, ਜੋ 2018-19 ਵਿੱਚ ਵਧ ਕੇ 10,218 ਰੁਪਏ ਹੋ ਗਈ। ਚਾਰ ਸਾਲਾਂ ਵਿੱਚ ਸਿਰਫ਼ 2,159 ਰੁਪਏ ਮਹੀਨਾ ਦਾ ਵਾਧਾ ਹੋਇਆ, ਜਦ ਕਿ ਸਰਕਾਰ ਕਿਸਾਨਾਂ ਦੀ ਔਸਤ ਆਮਦਨ ਪ੍ਰਤੀ ਮਹੀਨਾ 2022 ਤੱਕ 21,146 ਰੁਪਏ ਚਾਹੁੰਦੀ ਸੀ। ਕਿਸਾਨਾਂ ਦੀ ਆਮਦਨ ਤਾਂ ਵਧ ਗਈ, ਪਰ ਖ਼ਰਚ ਵੀ ਵਧ ਰਿਹਾ ਹੈ। ਪਿਛਲੇ ਸਾਲ ਨਵੰਬਰ ਵਿੱਚ ਸਰਕਾਰ ਨੇ ਦੱਸਿਆ ਕਿ ਕਿਸਾਨ ਹਰ ਮਹੀਨੇ 10,218 ਰੁਪਏ ਔਸਤਨ ਕਮਾਉਂਦੇ ਹਨ, ਪਰ ਉਨ੍ਹਾਂ ਦੇ 4,226 ਰੁਪਏ ਮਹੀਨਾ ਖੇਤੀ ਉਤੇ ਖ਼ਰਚ ਹੋ ਜਾਂਦੇ ਹਨ। ਕਿਸਾਨ ਹਰ ਮਹੀਨੇ ਔਸਤਨ ਬੀਜਾਈ ਅਤੇ ਖਾਦ, ਪਾਣੀ 'ਤੇ 2,959 ਰੁਪਏ ਅਤੇ ਪਸ਼ੂ ਪਾਲਣ 'ਤੇ 1,267 ਰੁਪਏ ਖ਼ਰਚ ਦਿੰਦੇ ਹਨ, ਜਿਸ ਦਾ ਸਿੱਧਾ ਅਰਥ ਹੈ ਕਿ ਕਿਸਾਨ ਦੀ ਔਸਤਨ ਮਹੀਨਾ ਆਮਦਨ 6000 ਰੁਪਏ ਹੈ। ਇਹ ਉਹ ਰਕਮ ਹੈ, ਜਿਸ ਨਾਲ ਉਸ ਨੇ ਬੱਚੇ ਵੀ ਪਾਲਣੇ ਹਨ, ਪੜ੍ਹਾਉਣੇ ਵੀ ਹਨ, ਆਪਣੇ ਵੱਡਿਆਂ ਦੀ ਬਿਮਾਰੀ ਦਾ ਇਲਾਜ ਵੀ ਕਰਵਾਉਣਾ ਹੈ, ਘਰ ਵੀ ਚਲਾਉਣਾ ਹੈ। ਸਾਰੇ ਜਾਣਦੇ ਹਨ ਕਿ ਏਨੀ ਕੁ ਕਮਾਈ ਨਾਲ ਉਹ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ, ਭਾਵੇਂ ਕਿ ਘਰ ਦੇ ਜੀਅ ਕੁਲ ਮਿਲਾ ਕੇ ਚਾਰ ਹੀ ਕਿਉਂ ਨਾ ਹੋਣ।

ਰਿਪੋਰਟ ਵਿਚਲੇ ਅੰਕੜੇ ਦੱਸਦੇ ਹਨ ਕਿ ਮੇਘਾਲਿਆ ਵਿੱਚ ਕਿਸਾਨਾਂ ਦੀ ਮਹੀਨੇ ਦੀ ਆਮਦਨ 29,348 ਰੁਪਏ ਹੈ, ਜਦ ਕਿ ਆਮਦਨ ਦੇ ਮਾਮਲੇ 'ਚ ਪੰਜਾਬ ਦੂਜੇ ਨੰਬਰ ਤੇ ਹੈ, ਜਿੱਥੇ ਮਹੀਨੇ ਦੀ ਆਮਦਨ 26,701 ਰੁਪਏ ਹੈ। ਤੀਜੇ ਥਾਂ ਹਰਿਆਣਾ ਹੈ, ਜਿੱਥੇ ਮਹੀਨੇ ਦੀ ਆਮਦਨ 22,841 ਹੈ। ਦੇਸ਼ ਵਿੱਚ ਚਾਰ ਸੂਬੇ, ਝਾਰਖੰਡ, ਮੱਧ ਪ੍ਰਦੇਸ਼, ਉੜੀਸਾ ਅਤੇ ਨਾਗਲੈਂਡ ਇਹੋ ਜਿਹੇ ਹਨ, ਜਿੱਥੇ ਕਿਸਾਨਾ ਦੀ ਹਰ ਮਹੀਨੇ ਦੀ ਆਮਦਨ 2,173 ਰੁਪਏ ਘਟ ਗਈ ਹੈ।

ਦੇਸ਼ ਦੇ ਕਿਸਾਨ ਨੂੰ ਉਂਜ ਤਾਂ ਅੰਨਦਾਤਾ ਕਿਹਾ ਜਾਂਦਾ ਹੈ, ਪਰ ਹਕੀਕਤ ਇਹ ਹੈ ਕਿ ਉਸ ਨੂੰ ਆਪਣਾ ਪੇਟ ਪਾਲਣ ਲਈ ਵੱਡਾ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸ ਸੰਘਰਸ਼ 'ਚ ਕਈ ਵੇਰ ਉਹ ਹਾਰ ਜਾਂਦਾ ਹੈ ਅਤੇ ਜ਼ਿੰਦਗੀ ਤੋਂ ਹੱਥ ਧੋ ਬੈਠਦਾ ਹੈ। ਆਤਮ ਹੱਤਿਆ ਦੇ ਰਾਹ ਤੁਰ ਪੈਂਦਾ ਹੈ, ਜਿਸ ਦਾ ਮੁੱਖ ਕਾਰਨ ਉਸ ਸਿਰ ਚੜ੍ਹਿਆ ਕਰਜ਼ਾ ਹੈ। ਭਾਰਤੀ ਕਿਸਾਨਾਂ ਸਿਰ ਕੁਲ ਮਿਲਾ ਕੇ ਇਸ ਵੇਲੇ 1,680 ਲੱਖ ਕਰੋੜ ਦਾ ਕਰਜ਼ਾ ਹੈ।

ਕਰਜ਼ਾ ਹੋਣ ਜਾਂ ਹੋਰ ਕਾਰਨਾਂ ਕਰਕੇ ਸਾਲ 2021 ਵਿੱਚ 5,318 ਕਿਸਾਨਾਂ , 4,806 ਖੇਤ ਮਜ਼ਦੂਰਾਂ ਅਤੇ 512 ਪਟੇ 'ਤੇ ਲੈ ਕੇ ਜ਼ਮੀਨ ਵਾਹੁਣ ਵਾਲਿਆਂ ਨੇ ਖੁਦਕੁਸ਼ੀ ਕੀਤੀ ।

ਬਿਨਾਂ ਸ਼ੱਕ ਖੇਤੀ ਖੇਤਰ ਉੱਤੇ ਲਾਗਤ ਲਗਾਤਾਰ ਵਧ ਰਹੀ ਹੈ, ਪਰ ਕਿਸਾਨਾਂ ਦੀਆਂ ਫ਼ਸਲਾਂ ਦੇ ਮੁੱਲ ਉਸ ਅਨੁਪਾਤ ਨਾਲ ਨਹੀਂ ਵਧ ਰਹੇ। ਸਰਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਫ਼ਸਲਾਂ ਦੇ ਮੁੱਲ ਘੱਟ ਤੋਂ ਘੱਟ ਰਹਿਣ, ਤਾਂ ਕਿ ਮਹਿੰਗਾਈ ਕਾਬੂ 'ਚ ਰਹੇ। ਇਸ ਨਾਲ ਕਿਸਾਨ ਵਿੱਚ-ਵਿਚਾਲੇ ਫਸ ਜਾਂਦਾ ਹੈ ਅਤੇ ਕਈ ਹਾਲਤਾਂ 'ਚ ਭੁੱਖਾ ਮਰਨ 'ਤੇ ਮਜਬੂਰ ਹੋ ਜਾਂਦਾ ਹੈ। ਬਹੁਤ ਲੰਮੇ ਸਮੇਂ ਤੋਂ ਕਿਸਾਨਾਂ ਦੀ ਮੰਗ ਹੈ ਕਿ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨੂੰ ਕਾਨੂੰਨੀ ਗਰੰਟੀ ਮਿਲੇ, ਪਰ ਕਿਸਾਨਾਂ ਨੂੰ ਕੀਮਤ ਦੀ ਗਰੰਟੀ ਨਹੀਂ ਮਿਲ ਰਹੀ। ਜੇਕਰ ਫ਼ਸਲਾਂ ਦੀ ਲਾਗਤ ਵਧਦੀ ਜਾਏਗੀ, ਜੇਕਰ ਖਾਦ, ਬਿਜਲੀ, ਡੀਜ਼ਲ ਦਾ ਮੁੱਲ ਕਾਬੂ 'ਚ ਨਹੀਂ ਰਹੇਗਾ, ਤਦ ਫਿਰ ਕਿਸਾਨਾਂ ਦੀ ਆਮਦਨ ਜਾਂ ਨਫਾ ਦੁਗਣਾ ਕਿਵੇਂ ਹੋਏਗਾ? ਇੱਕ ਰਿਪੋਰਟ ਅਨੁਸਾਰ 2020-21 ਦੇ ਮੁਕਾਬਲੇ 2021-22 'ਚ ਖੇਤੀ ਉਤੇ ਲਾਗਤ ਵੀਹ ਫ਼ੀਸਦੀ ਤੱਕ ਵਧ ਗਈ। ਇਹ ਜਾਣਦਿਆਂ ਹੋਇਆਂ ਵੀ ਕਿ ਭਾਰਤ ਦੇਸ਼ ਦਾ ਖੇਤੀ ਖੇਤਰ ਵਿਕਾਸ ਲਈ ਭਰਪੂਰ ਸੰਭਾਵਨਾਵਾਂ ਵਾਲਾ ਦੇਸ਼ ਹੈ। ਸਰਕਾਰ ਇਸ

ਨੂੰ ਸਿਰਫ ਜਨਤਾ ਦਾ ਪੇਟ ਭਰਨ ਦਾ ਸਾਧਨ ਮੰਨਦੀ ਹੈ ਅਤੇ ਖੇਤੀ ਦੇ ਮਾਧਿਅਮ ਨਾਲ ਦੇਸ਼ ਦੀ ਜੀ ਡੀ ਪੀ ਵਧਾਉਣ ਲਈ ਕੋਈ ਮੰਥਨ ਨਹੀਂ ਕਰਦੀ ।

ਦੇਸ਼ ਦੀ ਦੋ ਤਿਹਾਈ ਆਬਾਦੀ ਪੇਂਡੂ ਹੈ। ਸੱਠ ਫ਼ੀਸਦੀ ਪੇਂਡੂ ਅਜ਼ਾਦੀ ਪੇਂਡੂ ਅਰਥ-ਵਿਵਸਥਾ ਅਤੇ ਖੇਤੀ ਨਾਲ ਜੁੜੀ ਹੋਈ ਹੈ। ਪ੍ਰੰਤੂ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਵਾਲੇ ਖੇਤੀ ਖੇਤਰ ਨੂੰ ਹਮੇਸ਼ਾ ਹੀ ਸਰਕਾਰ ਦਰਕਿਨਾਰ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ, ਪ੍ਰਧਾਨ ਮੰਤਰੀ ਕਿਸਾਨ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਅੰਨਦਾਤਾ ਸੰਰਕਸ਼ਨ ਅਭਿਆਸ ਪਰਾਈਸ ਸਪੋਰਟ ਸਕੀਮ (ਦਾਲਾਂ ਲਈ), ਪਰਾਈਸ ਡੈਫੀਸ਼ੈਂਸੀ ਪੇਮੈਂਟ ਸਕੀਮਾਂ ਚੱਲ ਰਹੀਆਂ ਹਨ। ਇਹ ਸਕੀਮਾਂ 2022 ਦੇ ਬਜਟ ਵਿੱਚ ਵੀ ਚਾਲੂ ਰੱਖੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਅਸ਼ੋਕ ਡਲਵਈ ਇੰਟਰ ਮਨਿਸਟਰੀਅਲ ਕਮੇਟੀ ਦਾ ਗਠਨ 13 ਅਪ੍ਰੈਲ 2016 ਨੂੰ ਕੀਤਾ ਸੀ, ਕਿਸਾਨਾਂ ਦੀ ਆਮਦਨ ਦੁਗਣੀ ਕਰਨ ਸੰਬੰਧੀ ਕੰਮ ਨੂੰ ਅੱਗੇ ਤੋਰਨ ਲਈ ਸੀ। ਇਸ ਅੱਠ ਮੈਂਬਰੀ ਕਮੇਟੀ ਨੇ ਐਗਰੀਕਲਚਰਲ ਮਾਰਕੀਟਿੰਗ ਨੂੰ ਕਨਕਰੰਟ ਲਿਸਟ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ, ਪਰ ਇਸ ਦਿਸ਼ਾ 'ਚ ਕੁਝ ਵੀ ਕੰਮ ਨਾ ਹੋਇਆ। ਸਿਰਫ਼ ਕਿਸਾਨਾਂ ਨੂੰ 6000 ਸਲਾਨਾ ਦੇਣ ਦਾ ਫੈਸਲਾ ਕਰ ਲਿਆ ਗਿਆ, ਜੋ ਕਿ ਸਿਰਫ਼ 500 ਰੁਪਏ ਮਹੀਨਾ ਸੀ ਅਤੇ ਇਸ ਨੂੰ ਇਵੇਂ ਪ੍ਰਚਾਰਿਆ ਗਿਆ, ਜਿਵੇਂ ਇਸ ਰਕਮ ਨਾਲ ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋ ਗਏ ਹੋਣ।

ਜਦੋਂ 2018-19 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਕੇਂਦਰ ਸਰਕਾਰ ਨੇ ਟੀਚਾ ਮਿਥਿਆ ਸੀ ਤਾਂ ਪੇਂਡੂ ਆਬਾਦੀ ਦਾ 54 ਫ਼ੀਸਦੀ ਖੇਤੀ ਖੇਤਰ ਨਾਲ ਜੁੜਿਆ ਸੀ, ਜਦਕਿ 2012-13 'ਚ 57.8 ਫ਼ੀਸਦੀ ਲੋਕ ਖੇਤੀ ਖੇਤਰ ਨਾਲ ਜੁੜੇ ਸਨ, ਭਾਵ ਖੇਤੀ ਛੱਡਣ ਵਾਲਿਆਂ ਦੀ ਗਿਣਤੀ ਹਰ ਸਾਲ ਵਧਦੀ ਗਈ, ਕਿਉਂਕਿ ਖੇਤੀ ਤੋਂ ਆਮਦਨ ਲਗਾਤਾਰ ਘਟ ਰਹੀ ਹੈ ਤੇ ਕਿਸਾਨਾਂ ਦਾ ਖੇਤੀ ਤੋਂ ਗੁਜ਼ਾਰਾ ਨਹੀਂ ਹੋ ਰਿਹਾ। ਇਥੇ ਇਹ ਗੱਲ ਧਿਆਨ ਕਰਨ ਵਾਲੀ ਇਸ ਕਰਕੇ ਵੀ ਹੈ ਕਿ 2012-13 'ਚ ਖੇਤੀ ਉਤੇ ਖ਼ਰਚਾ 2192 ਰੁਪਏ ਮਹੀਨਾ ਸੀ, ਜੋ 2018-19 'ਚ ਵਧ ਕੇ 2959 ਰੁਪਏ ਮਹੀਨਾ ਹੋ ਗਿਆ ਅਤੇ ਔਸਤਨ ਕਰਜ਼ਾ ਵੀ 2018-19 'ਚ 74131 ਰੁਪਏ ਹੋ ਗਿਆ, ਜੋ 2012-13 'ਚ 47000 ਰੁਪਏ ਸੀ।

ਕਿਸਾਨਾਂ ਦੀ ਆਮਦਨ 'ਚ ਨਾ ਵਾਧੇ ਦਾ ਕਾਰਨ ਉਹਨਾਂ ਦੀਆਂ ਫ਼ਸਲਾਂ ਦਾ ਘੱਟੋ-ਘੱਟ ਮੁੱਲ ਨਾ ਮਿਲਣਾ ਵੀ ਹੈ। ਐੱਮ ਐੱਸ ਪੀ ਦੇ ਸੰਬੰਧ 'ਚ ਕਿਸਾਨ ਅੰਦੋਲਨ ਵੀ ਚੱਲਿਆ, ਸਰਕਾਰੀ ਵਾਅਦੇ ਵੀ ਹੋਏ, ਪਰ ਹਾਲੀ ਤੱਕ ਇਸ ਮਸਲੇ ਦਾ ਹੱਲ ਨਹੀਂ ਕੱਢਿਆ ਜਾ ਸਕਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਵੇਖਣ ਨੂੰ ਮਿਲੀ ਕਿ 2022-23 ਦੇ ਬਜਟ ਵਿੱਚ ਐੱਮ.ਐੱਸ.ਪੀ. ਦਾ ਕੋਈ ਜ਼ਿਕਰ ਨਹੀਂ ਸੀ। ਇਸ ਵਾਸਤੇ ਕੋਈ ਵਿਸ਼ੇਸ਼ ਫੰਡ ਨਹੀਂ ਰੱਖੇ ਗਏ। ਖੇਤੀ ਖੇਤਰਾਂ ਲਈ ਖਾਦ ਉਤੇ ਮਿਲ ਰਹੀ ਸਬਸਿਡੀ 25 ਫ਼ੀਸਦੀ ਘਟਾ ਦਿੱਤੀ ਗਈ। ਪੇਂਡੂ ਵਿਕਾਸ ਉਤੇ ਜਿਹੜਾ ਬਜ਼ਟ 5.5 ਫ਼ੀਸਦੀ ਸੀ, ਉਹ ਇਸ ਸਾਲ ਘਟਾ ਕੇ 5.2 ਫ਼ੀਸਦੀ ਕਰ ਦਿੱਤਾ ਗਿਆ।

ਇਥੇ ਹੀ ਬੱਸ ਨਹੀਂ ਪੇਂਡੂ ਸਕੀਮ ਮਗਨਰੇਗਾ ਉਤੇ ਪਿਛਲੇ ਬਜਟ ਵਿੱਚ, ਜੋ ਰਕਮ 98,000 ਕਰੋੜ ਰੱਖੀ ਗਈ ਸੀ, ਉਹ ਘਟਾ ਕੇ 73,000 ਕਰੋੜ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਕ੍ਰਿਸ਼ੀ ਵਿਕਾਸ ਯੋਜਨਾ ਉਤੇ ਬਜਟ ਵਿੱਚ ਪਿਛਲੇ ਸਾਲ 450 ਕਰੋੜ ਰੁਪਏ ਰੱਖੇ

7-JAN-PAGE-5.qxd 1/6/2023 9:57 PM Page 1

ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੀ ਕਣਕ ਨਾ ਮਿਲਣ 'ਤੇ ਰੇਲਵੇ ਪੁਲ 'ਤੇ ਧਰਨਾ

■ ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਦਾ ਸੰਪਰਕ ਟੁੱਟਿਆ, ਰਾਹਗੀਰ ਹੋਏ ਪ੍ਰੇਸ਼ਾਨ

ਫਿਰੋਜ਼ਪੁਰ ਰੇਲਵੇ ਪੁਲ 'ਤੇ ਲਗਾਏ ਧਰਨੇ ਦਾ ਦ੍ਰਿਸ਼।

ਫ਼ਿਰੋਜ਼ਪੁਰ/ਮਮਦੋਟ (ਅਸ਼ੋਕ ਸ਼ਰਮਾ, ਜਸਬੀਰ ਸਿੰਘ ਕੰਬੋਜ)

ਰਾਸ਼ਨ ਡਿੱਪੂ ਹੋਲਡਰ ਫੈਡਰੇਸ਼ਨ-118, ਫਿਰੋਜ਼ਪੁਰ ਵੱਲੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ-6 ਤੇ 7 ਦੀ ਵੰਡ ਸਬੰਧੀ ਵੀ ਕਣਕ ਨਾ ਮਿਲਣ ਕਰਕੇ ਰੇਲਵੇ ਪੁਲ ਫਿਰੋਜ਼ਪੁਰ ਸ਼ਹਿਰ ਵਿਖੇ ਰੋਸ ਧਰਨਾ ਲਗਾਇਆ ਗਿਆ। ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਨੂੰ ਜੋੜਨ ਵਾਲੇ ਇੱਕੋ ਇੱਕ ਪੁਲ ਦੇ ਬੰਦ ਹੋ ਜਾਣ ਕਾਰਨ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਧਰਨੇ ਵਿੱਚ ਪੰਜਾਬ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ, ਬਿੰਦਰ ਸਿੰਘ ਉੱਗੋ ਕੇ ਮੁੱਖ ਬੁਲਾਰਾ ਪੰਜਾਬ ਤੇ ਜਗਤਾਰ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰ 'ਤੇ ਸਮੂਹ ਡਿੱਪੂ ਹੋਲਡਰਾਂ ਨੇ ਭਾਗ ਲਿਆ। ਪ੍ਰਧਾਨ ਨੇ ਇਸ ਮੌਕੇ ਸਰਕਾਰ ਕੋਲੋਂ ਮੰਗ ਕੀਤੀ ਕਿ ਪੀ ਐੱਮ ਜੀ-6 ਦੀ ਕਣਕ ਪ੍ਰਤੀ ਮੈਂਬਰ 30 ਕਿੱਲੋ ਕੇਂਦਰ ਸਰਕਾਰ ਵੱਲੋਂ ਜਾਰੀ ਹੋਈ ਸੀ, ਪ੍ਰੰਤੂ ਫਿਰੋਜ਼ਪੁਰ ਸ਼ਹਿਰ, ਫਿਰੋਜ਼ਪੁਰ ਛਾਉਣੀ, ਮਮਦੋਟ ਸੈਂਟਰ ਤੇ ਪੰਜਾਬ ਸਰਕਾਰ ਦੇ ਮਹਿਕਮੇ ਫੂਡ ਸਪਲਾਈ ਫਿਰੋਜ਼ਪੁਰ ਵੱਲੋਂ ਇਨ੍ਹਾਂ ਨੂੰ ਕਣਕ ਜਾਰੀ ਹੀ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਪੀ ਐੱਮ ਜੀ-7 ਦੀ ਐਲੋਕੇਸ਼ਨ ਕਰੀਬ 70 ਡਿੱਪੂਆਂ 'ਤੇ ਅਜੇ ਤੱਕ ਨਹੀਂ ਹੋਈ, ਜਿਸ ਦਾ ਨੁਕਸਾਨ ਸਬੰਧਤ ਲਾਭਪਾਤਰੀਆਂ ਨੂੰ ਹੋ ਰਿਹਾ ਹੈ ਅਤੇ ਇਸ ਦਾ ਸ਼ਿਕਾਰ ਡਿੱਪੂ ਹੋਲਡਰ ਹੋ ਰਹੇ ਹਨ। ਇਥੇ ਜ਼ਿਕਰਯੋਗ ਹੈ ਕਿ ਬੀਤੀ ਦਿਨੀਂ ਫੂਡ ਸਪਲਾਈ ਦੇ ਇੰਸਪੈਕਟਰਾਂ ਵੱਲੋਂ ਵੱਡੇ ਪੱਧਰ 'ਤੇ ਕੀਤੇ ਘੋਟਾਲੇ ਨੂੰ ਛੁਪਾਉਣ ਖਾਤਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ, ਜਦਕਿ ਸਮੇਂ ਸਮੇਂ ਸਿਰ ਵੱਖ-ਵੱਖ ਜਥੇਬੰਦੀਆ ਵੱਲੋਂ ਡੀ.ਐੱਫ.ਐੱਸ.ਸੀ. ਫਿਰੋਜ਼ਪੁਰ ਨੂੰ ਗੁਹਾਰ ਲਗਾ ਚੁੱਕੇ ਹਨ, ਪ੍ਰੰਤੂ ਕੋਈ ਤਸੱਲੀਬਖਸ਼ ਕਾਰਵਾਈ ਨਹੀਂ ਕੀਤੀ ਜਾ ਰਹੀ। ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਭੁੱਲਰ ਨੇ ਮੰਗ ਰੱਖੀ ਕਿ ਜੋ ਕਣਕ ਡਿੱਪੂਆਂ 'ਤੇ ਜਾਰੀ ਹੁੰਦੀ ਹੈ, ਉਸ ਦੀ ਭਰਤੀ 55 ਕਿੱਲੋ ਹੈ, ਜਦਕਿ ਮੰਡੀਆਂ ਵਿੱਚੋਂ 50 ਕਿੱਲੋ 700 ਗ੍ਰਾਮ ਹੁੰਦਾ ਹੈ, ਅਜਿਹਾ ਵੱਧ ਅਕਸੈਸਗੇਨ ਹੋਣ ਦਾ ਕਾਰਨ ਕਣਕ ਦਾ ਵਜਨ ਵਧਾਉਣ ਲਈ ਪਾਣੀ ਵਰਤਿਆ ਜਾਂਦਾ ਹੈ, ਇਸ ਦੀ ਪੜਤਾਲ ਹੋਣੀ ਲਾਜ਼ਮੀ ਹੈ। ਇਨ੍ਹਾਂ ਸਬੰਧਤ ਵਿਭਾਗ ਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਹਜਮ ਨਹੀਂ ਹੋ ਰਿਹਾ, ਉਤੋਂ 12 ਪ੍ਰਤੀਸ਼ਤ ਕੱਟ ਲਗਾ ਕੇ ਕਣਕ ਜਾਰੀ ਕਰਦੇ ਹਨ, ਜਿਸ ਦਾ ਅਸਰ ਲਾਭਪਾਤਰੀਆਂ/ਡਿੱਪੂ ਹੋਲਡਰਾਂ 'ਤੇ ਪੈਂਦਾ ਹੈ। ਫੈਡਰੇਸ਼ਨ ਦੇ ਮੁੱਖ ਬੁਲਾਰੇ ਪੰਜਾਬ ਬਿੰਦਰ ਸਿੰਘ ਉੱਗੋ ਕੇ ਨੇ ਕਿਹਾ ਕਿ ਕਰੋਨਾ ਕਾਲ ਤੋਂ ਲੈ ਕੇ ਅੱਜ ਤੱਕ ਡਿੱਪੂ ਹੋਲਡਰਾਂ ਨੂੰ ਕਣਕ ਦੀ ਕਮਿਸ਼ਨ ਵੀ ਨਹੀਂ ਪਾਈ ਗਈ, ਜਦਕਿ ਕੇਂਦਰ ਸਰਕਾਰ ਵੱਲੋਂ ਜਾਰੀ ਹੋ ਚੁੱਕੀ ਹੈ। ਸਰਕਾਰ ਵੱਲੋਂ ਇਨ੍ਹਾਂ ਸਬੰਧਤ ਡਿੱਪੂਆਂ 'ਤੇ ਜਦ ਵੀ ਕਣਕ ਟਰਾਂਸਪੋਰਟ ਰਾਹੀਂ ਭੇਜਣੀ ਹੁੰਦੀ ਹੈ, ਉਸ ਦੀ ਸੁਸਤ ਰਫਤਾਰ ਕਾਰਨ ਕਈ ਕਈ ਦਿਨ ਉਡੀਕ ਕਰਨੀ ਪੈਂਦੀ ਹੈ, ਦੇਰੀ ਹੋਣ ਦੀ ਸੂਰਤ ਵਿੱਚ ਕਾਰਡ ਹੋਲਡਰ ਡਿੱਪੂ ਵਾਲਿਆਂ ਨੂੰ ਮਾੜਾ-ਚੰਗਾ ਬੋਲਦੇ ਹਨ ਅਤੇ ਲੜਾਈ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ 'ਤੇ ਵੀ ਧਿਆਨ ਦੇਣਾ ਬਣਦਾ ਹੈ।

ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਵਿੱਚੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਫਿਰੋਜ਼ਪੁਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਬਹੁਜਨ ਸਮਾਜ ਪਾਰਟੀ ਦੇ ਵਰਕਰ ਆਦਿ ਧਰਮ ਸਮਾਜ ਦੇ ਆਗੂ ਸ਼ਾਮਲ ਹੋਏ। ਇਸ ਤੋਂ ਇਲਾਵਾ ਸਰਕਲ ਪ੍ਰਧਾਨ ਰੰਜਿਦਰ ਅਰੋੜਾ, ਮਲਕੀਤ ਰੱਖੜੀ, ਹੋਸ਼ਿਆਰ ਸਿੰਘ ਮਮਦੋਟ, ਅਸਵਨੀ ਮੱਕੜ ਖਾਈ, ਬਲਕਾਰ ਢਿੱਲੋਂ ਜਰਨਲ ਸਕੱਤਰ, ਪ੍ਰੈੱਸ ਸਕੱਤਰ ਕੰਵਰਜੀਤ ਸਿੰਘ ਜੈਟੀ, ਬੁਲਾਰਾ ਦਰਸਨ ਮੰਡ, ਹੁਸ਼ਿਆਰ ਸਿੰਘ, ਰਿੰਕੂ ਗਰੋਵਰ, ਜਸਵੰਤ ਸਿੰਘ ਹੁਸੈਨਸ਼ਾਹ ਵਾਲਾ, ਰਿੰਕੂ ਮਹਿਤਾ, ਬਲਕਰਨ ਸਿੰਘ ਹਾਜੀ ਵਾਲਾ, ਸੋਨੂੰ ਬੁਰਜ ਮੱਖਣ ਸਿੰਘ, ਬਲਵਿੰਦਰ ਸਿੰਘ ਸਿਆਲ, ਮਨੀ ਸੇਠੀ, ਜਗਦੀਪ ਮਿੰਟੂ, ਬੱਬੂ ਨਾਗਪਾਲ, ਸੰਤੋਖ ਸਿੰਘ ਨਿਹਾਲਾ ਕਿਲਚਾ, ਸਿੰਟੂ ਨਰੂਲਾ, ਗੁਰਦੀਪ ਸਿੰਘ ਟਿੱਬੀ, ਬਖਸ਼ੀਸ਼ ਸਿੰਘ ਮਹਿਮਾ, ਤਰਸੇਮ ਮੁੱਠਿਆਂ ਵਾਲਾ, ਗੁਰਦੇਵ ਨਿਹਾਲਾ ਲਵੇਰਾ, ਬਾਬਾ ਬਖਸ਼ੀਸ਼ ਤੇ ਹੋਰ ਸਮੂਹ ਡਿੱਪੂ ਹੋਲਡਰਾਂ ਨੇ ਭਾਗ ਲਿਆ।

ਆਂਗਣਵਾੜੀ, ਆਸ਼ਾ ਤੇ ਮਿੱਡ-ਡੇ-ਮੀਲ ਵਰਕਰਾਂ ਵੱਲੋਂ ਰੋਸ ਮੁਜ਼ਾਹਰਾ

■ ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਮੰਗ ਪੱਤਰ ਸੌਂਪਿਆ

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦਾ ਵਫਦ ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਮੰਗ ਪੱਤਰ ਦਿੰਦੇ ਹੋਇਆ।

ਫ਼ਿਰੋਜ਼ਪੁਰ/ਮਮਦੋਟ (ਅਸ਼ੋਕ ਸ਼ਰਮਾ/ ਜਸਬੀਰ ਸਿੰਘ ਕੰਬੋਜ)

ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਤੇ ਆਸ਼ਾ ਮਿੱਡ-ਡੇ-ਮੀਲ ਵਰਕਰਾਂ ਵੱਲੋਂ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ ਦੇ ਸੱਦੇ 'ਤੇ ਆਂਗਨਵਾੜੀ ਪ੍ਰਧਾਨ ਕਾਂਤਾ ਰਾਣੀ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਨਾਅਰਿਆਂ ਨਾਲ ਸੰਸਦ ਤੇ ਰਾਜ ਸਭਾ ਮੈਂਬਰ ਦੇ ਰੋਸ ਮੁਜ਼ਾਹਰਾ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਆਪਣਾ ਮੰਗ ਪੱਤਰ ਸੌਂਪ ਮੰਗ ਕੀਤੀ ਕਿ ਚੋਣਾਂ ਤੋਂ ਪਹਿਲਾਂ ਹਰ ਰਾਜਨੀਤਕ ਪਾਰਟੀ ਵੱਲੋਂ ਸਕੀਮ ਵਰਕਰਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ, ਪਰ ਸੱਤਾ ਵਿਚ ਆ ਜਾਣ ਤੋਂ ਬਾਅਦ ਸਾਰ ਵੀ ਨਹੀਂ ਲਈ ਜਾਂਦੀ।ਇਸ ਲਈ ਅੱਜ ਦੇਸ਼ ਦੇ ਹਰ ਸੰਸਦ ਮੈਂਬਰ ਤੋਂ ਜਵਾਬ ਮੰਗਣ ਉਨ੍ਹਾਂ ਦੇ ਦੁਆਰ ਪਹੁੰਚ ਮੰਗ ਕਰ ਰਹੀਆ ਹਨ ਕਿ ਆਂਗਨਵਾੜੀ ਵਰਕਰਾਂ ਹੈਲਪਰਾਂ, ਆਸ਼ਾ ਵਰਕਰਾਂ ਤੇ ਫੈਸੀਲੀਟੇਟਰ, ਮਿਡ-ਡੇ-ਮੀਲ ਵਰਕਰਾਂ ਦਾ ਪੱਕਾ ਰੋਜ਼ਗਾਰ ਕਿੱਥੇ ਹੈ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਨੇ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ। ਕੇਵਲ, ਸਿਹਤਮੰਦ ਤੇ ਪੜ੍ਹੇ-ਲਿਖੇ ਬੱਚੇ ਹੀ ਮਜ਼ਬੂਤ, ਪੜ੍ਹੇ-ਲਿਖੇ, ਸਿਹਤਮੰਦ, ਖੁਸ਼ ਤੇ ਆਤਮ-ਨਿਰਭਰ ਭਾਰਤ ਦਾ ਨਿਰਮਾਣ ਕਰ ਸਕਦੇ ਹਨ। ਬੱਚਿਆਂ ਤੇ ਮਾਵਾਂ ਦੇ ਪੋਸ਼ਣ ਤੇ ਸਿਹਤ ਲਈ ਆਈ ਸੀ ਡੀ ਐੱਸ, ਐੱਨ ਐੱਚ ਐੱਮ ਤੇ ਪ੍ਰਧਾਨ ਮੰਤਰੀ ਪੋਸ਼ਣ ਸ਼ਕਤੀ ਯੋਜਨਾ ਵਰਗੀਆਂ ਯੋਜਨਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਪਰ ਪਿਛਲੇ ਸੱਤ ਸਾਲਾਂ ਤੋਂ ਇਹ ਸਕੀਮਾਂ ਲੋੜੀਂਦੇ ਬਜਟ ਦੀ ਘਾਟ ਕਾਰਨ ਭੁੱਖਮਰੀ ਦਾ ਸ਼ਿਕਾਰ ਹਨ। ਇਨ੍ਹਾਂ ਸਕੀਮਾਂ ਦੇ ਵਰਕਰਾਂ ਨੂੰ ਕਈ ਕਈ ਮਹੀਨਿਆਂ ਤੋਂ ਉਨ੍ਹਾਂ ਦਾ ਮਾਮੂਲੀ ਮਾਣ ਭੱਤਾ ਵੀ ਨਹੀਂ ਦਿੱਤਾ ਜਾਂਦਾ, ਉਨ੍ਹਾਂ ਨੂੰ ਬਿਨਾਂ ਕਿਸੇ ਸੇਵਾ ਮੁਕਤੀ ਦੇ ਲਾਭ ਤੋਂ ਕੰਮ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਡਿਜੀਟਲ ਰਿਪੋਰਟਿੰਗ ਲਈ ਮਜਬੂਰ ਕੀਤਾ ਜਾਂਦਾ ਹੈ (ਹਾਲਾਂਕਿ ਉਨ੍ਹਾਂ ਨੂੰ ਸਹੀ ਮੋਬਾਈਲ ਤੇ ਡਾਟਾ ਖਰਚ ਨਹੀਂ ਦਿੱਤਾ ਜਾਂਦਾ)। ਐਨਾ ਹੀ ਨਹੀਂ ਇਨ੍ਹਾਂ ਸਕੀਮਾਂ ਦਾ ਬਹੁਤਾ ਪੈਸਾ ਸਕੀਮ ਦੇ ਲੋੜੀਂਦੇ ਕੰਮਾਂ 'ਤੇ ਨਹੀਂ ਸਗੋਂ ਪ੍ਰਚਾਰ ਤੇ ਇਸ਼ਤਿਹਾਰਾਂ 'ਤੇ ਹੀ ਖਰਚ ਹੁੰਦਾ ਹੈ।ਕੋਰੋਨਾ ਮਹਾਮਾਰੀ ਦੌਰਾਨ ਇਨ੍ਹਾਂ ਸਕੀਮ ਵਰਕਰਾਂ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਤੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਮੀਡੀਆ ਸਮੇਤ ਹਰ ਕੋਈ ਇਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੇ ਬਗੈਰ ਨਹੀਂ ਰਿਹਾ।ਆਂਗਨਵਾੜੀ ਵਰਕਰਾਂ ਹੈਲਪਰਾਂ, ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਆਪਣੀ ਜਾਨ ਖਤਰੇ ਵਿੱਚ ਪਾਉਂਦੇ ਹੋਏ, ਕੋਵਿਡ ਮਹਾਮਾਰੀ ਦੇ ਦੌਰਾਨ ਬਹੁਤ ਕੰਮ ਕੀਤਾ ਅਤੇ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਕਮਿਊਨਿਟੀ ਲਈ ਉਨ੍ਹਾਂ ਦੀ ਸੇਵਾ ਨੂੰ ਮਾਨਤਾ ਦਿੰਦੇ ਹੋਏ ਡਬਲਯੂ ਐੱਚ ਓ ਨੇ ਉਨ੍ਹਾਂ ਨੂੰ ਗਲੋਬਲ ਹੈਲਥ ਲੀਡਰਜ਼ ਐਵਾਰਡ ਨਾਲ ਸਨਮਾਨਤ ਕੀਤਾ, ਪਰ ਭਾਰਤ ਸਰਕਾਰ ਨੇ ਜ਼ਿਆਦਾਤਰ ਆਸ਼ਾ ਵਰਕਰਾਂ ਤੇ ਆਂਗਨਵਾੜੀ ਵਰਕਰਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਿਨ੍ਹਾਂ ਨੇ ਕੋਵਿਡ ਦੇ ਕੰਮ ਦੌਰਾਨ ਆਪਣੀ ਜਾਨ ਗਵਾਈ ਸੀ।ਉਨ੍ਹਾਂ ਨੇ ਕਿਹਾ ਕਿ ਆਂਗਨਵਾੜੀ ਮੁਲਾਜ਼ਮ ਸਾਲ 2022 ਵਿੱਚ ਸਾਲ ਭਰ ਅੱਧੇ ਮਾਣਭੱਤੇ ਵਿੱਚ ਹੀ ਗੁਜ਼ਾਰਾ ਕਰਨ ਲਈ ਮਜਬੂਰ ਰਹੇ। ਕੇਂਦਰ ਸਰਕਾਰ ਵੱਲੋਂ ਬਜਟ ਵਿੱਚ ਵਾਧਾ ਤਾਂ ਕਰਨਾ ਦੂਰ ਦੀ ਗੱਲ ਹੈ ਤਹਿ ਬਜਟ ਵੀ ਨਹੀਂ ਦਿੱਤਾ ਗਿਆ।ਇਸੇ ਗੁੱਸੇ ਤੇ ਰੋਸ ਨੂੰ ਜ਼ਾਹਰ ਕਰਦੇ ਮੰਗ ਪੱਤਰ ਸੌਂਪਦੇ ਹੋਏ ਮੰਗ ਕੀਤੀ ਕਿ ਆਈ ਸੀ ਡੀਐੱਸ, ਐੱਨ ਐੱਚ ਐੱਮ ਤੇ ਐੱਮ ਡੀ ਐੱਮ ਸਕੀਮਾਂ ਲਈ ਢੁੱਕਵਾਂ ਬਜਟ ਤੇ ਘੱਟੋ-ਘੱਟ ਉਜ਼ਰਤ, ਗ੍ਰੈਚੁਟੀ, ਪੈਨਸ਼ਨ ਤੇ ਇਨ੍ਹਾਂ ਫਰੰਟਲਾਈਨ ਕਾਮਿਆਂ ਦੇ ਕੰਮ ਦੀਆਂ ਬਿਹਤਰ ਸਥਿਤੀਆਂ ਪ੍ਰਦਾਨ ਕੀਤੀ ਜਾਵੇ।ਦੇਸ਼ ਦੇ ਬੱਚਿਆਂ ਤੇ ਔਰਤਾਂ ਨੂੰ ਪੋਸ਼ਣ ਲਈ ਗੁਣਾਤਮਕ ਸੇਵਾਵਾਂ ਲਈ ਬਜਟ ਪ੍ਰਦਾਨ ਕਰਨ ਲਈ ਆਂਗਣਵਾੜੀ ਕੇਂਦਰਾਂ, ਸਕੂਲੀ ਰਸੋਈਆਂ ਤੇ ਸਿਹਤ ਉੱਪ ਕੇਂਦਰਾਂ ਵਿੱਚ ਬੁਨਿਆਦੀ ਢਾਂਚੇ ਲਈ ਤੇ ਦੇਸ਼ ਦੇ ਸਿੱਖਿਆ ਤੇ ਸਿਹਤ ਖੇਤਰ ਲਈ ਜੀਡੀਪੀ ਦਾ 6 ਪ੍ਰਤੀਸ਼ਤ ਅਲਾਟ ਕੀਤਾ ਜਾਣਾ ਚਾਹੀਦਾ ਹੈ।ਇਸ ਮੌਕੇ ਸੁੰਦਰਾ ਬਾਈ, ਕੁਸ਼ੱਲਿਆ ਬੀਬੀ, ਨਿਧੀ, ਪ੍ਰੀਤਮ ਕੌਰ, ਪ੍ਰਭਜੀਤ ਕੌਰ, ਦਰਸ਼ਨਾ, ਜੋਗਿੰਦਰ ਕੌਰ, ਰਜਨੀ, ਰਾਜ ਕੌਰ, ਬਲਵਿੰਦਰ ਕੌਰ, ਵੀਰੋ, ਜੀਤੋ, ਰਜਨੀ, ਰਾਜ ਕੌਰ ਆਦਿ ਹਾਜ਼ਰ ਸਨ।

ਦੇਸ਼ ਵਾਸੀ ਧਰਮ ਸਮਝ ਕੇ ਭਾਰਤ ਜੋੜੋ ਯਾਤਰਾ ਨਾਲ ਜੁੜ ਰਹੇ : ਕੋਟਲੀ

ਬਾਘਾਪੁਰਾਣਾ (ਮਨੀ ਸਿੰਗਲਾ)

ਪੰਜਾਬ ਦੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਪੰਜਾਬ ਵਿੱਚ ਆ ਰਹੀ ਭਾਰਤ ਜੋੜੋ ਯਾਤਰਾ ਦੇ ਸਬੰਧ ਵਿੱਚ ਜ਼ਿਲ੍ਹੇ ਦੇ ਸਬ ਡਵੀਜ਼ਨ ਨੇੜਲੇ ਪਿੰਡ ਲੰਗੇਆਣਾ ਨਵਾਂ ਵਿਖੇ ਸਰਪੰਚ ਜਗਸੀਰ ਸਿੰਘ ਦੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਦੇ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਸਾਬਕਾ ਵਿਧਾਇਕ ਤੇ ਜ਼ਿਲ੍ਹਾ ਮੋਗਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਧਰਮਪਾਲ ਸਿੰਘ ਨਿਹਾਲ ਸਿੰਘ ਵਾਲਾ, ਹਰੀ ਸਿੰਘ ਖਾਈ, ਸਾਬਕਾ ਚੇਅਰਮੈਨ ਗੁਰਬਚਨ ਸਿੰਘ ਬਰਾੜ, ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ, ਬਲਾਕ ਸੰਮਤੀ ਦੇ ਚੇਅਰਮੈਨ ਗੁਰਚਰਨ ਸਿੰਘ ਚੀਦਾ, ਕੁਆਰਡੀਨੇਟਰ ਮਨਜੀਤ ਸਿੰਘ ਰਮਣਾ ਨੇ ਭਾਰਤ ਜੋੜੋ ਯਾਤਰਾ ਵਿੱਚ ਪਹੁੰਚਣ ਦੀ ਅਪੀਲ ਕੀਤੀ। ਸਾਬਕਾ ਮੰਤਰੀ ਕੋਟਲੀ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਕੰਨਿਆਕੁਮਾਰੀ ਤੋਂ ਭਾਰਤ ਜੋੜੋ ਯਾਤਰਾ ਸ਼ੁਰੂ ਕੀਤੀ ਗਈ ਹੈ,ਇਹ ਯਾਤਰਾ ਕੰਨਿਆਕੁਮਾਰੀ ਤੋਂ ਸ਼ੁਰੂ ਹੋ ਕੇ ਦੇਸ ਦੇ ਵੱਖ-ਵੱਖ ਸੂਬਿਆਂ ਅਤੇ ਪੰਜਾਬ ਦੇ ਜ਼ਿਲ੍ਹਿਆਂ 'ਚ ਹੁੰਦੀ ਹੋਈ 14 ਜਨਵਰੀ ਨੂੰ ਫਿਲੌਰ ਵਿਖੇ ਦਾਖਲ ਹੋਵੇਗੀ, ਜਿਸ 'ਚ ਹਲਕੇ ਦੇ ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸਾਬਕਾ ਮੰਤਰੀ ਕੋਟਲੀ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਦੇ ਵਿਚ ਵੱਖ-ਵੱਖ ਜ਼ਿਲ੍ਹਿਆਂ ਅੰਦਰ ਜਾ ਕੇ ਕਾਂਗਰਸੀ ਵਰਕਰਾਂ ਦੇ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ। ਉਨ੍ਹਾਂ ਕਿਹਾ ਕਿ ਇਹ ਭਾਰਤ ਜੋੜੋ ਯਾਤਰਾ ਦੇਸ ਤੇ ਸੰਵਿਧਾਨ ਨੂੰ ਬਚਾਉਣ ਲਈ ਕੱਢੀ ਜਾ ਰਹੀ ਹੈ ਕਿ ਲੋਕ ਜਾਤ, ਧਰਮ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਯਾਤਰਾ ਦਾ ਸਵਾਗਤ ਤੇ ਸਮਰਥਨ ਕਰ ਰਹੇ ਹਨ, ਜਿਸ ਕਰਕੇ ਪੰਜਾਬੀ ਇਸ ਯਾਤਰਾ ਦਾ ਗਰਮਜੋਸ਼ੀ ਨਾਲ ਸਵਾਗਤ ਕਰਨ ਲਈ ਤਿਆਰ ਬੈਠਾ ਹੈ। ਸਾਬਕਾ ਮੰਤਰੀ ਕੋਟਲੀ ਨੇ ਕਿਹਾ ਕਿ ਪੰਜਾਬ ਦਾ ਇਤਿਹਾਸ ਦੱਸਦਾ ਹੈ ਕਿ ਪੰਜਾਬ ਨੇ ਹਮੇਸ਼ਾ ਹੀ ਦੇਸ ਅਤੇ ਧਰਮ ਦੀ ਲੜਾਈ ਲੜੀ ਹੈ। ਇਸ ਮੌਕੇ ਸਰਪੰਚ ਗਗਨ ਨਿਗਾਹਾਂ, ਸ਼ਸ਼ੀ ਗਰਗ ਐਮ.ਸੀ, ਗੁਰਤੇਜ ਸਿੰਘ ਨੱਥੂਵਾਲਾ ਬਲਾਕ ਪ੍ਰਧਾਨ ਬਾਘਾਪੁਰਾਣਾ, ਹਰਦੀਸ਼ ਸਿੰਘ ਸੇਖਾ ਬਲਾਕ ਪ੍ਰਧਾਨ ਸਮਾਲਸਰ, ਹੈਪੀ ਸਰਪੰਚ ਰੋਡੇ, ਸੁਰਿੰਦਰ ਸਿੰਘ ਛਿੰਦਾ ਬਲਾਕ ਸੰਮਤੀ ਮੈਂਬਰ, ਜਗਸੀਰ ਸਿੰਘ ਜੱਗਾ ਐਮ.ਸੀ, ਗੁਰਜੰਟ ਸਿੰਘ ਧਾਲੀਵਾਲ, ਛਿੰਦਰ ਸਿੰਘ, ਚਮਨ ਲਾਲ ਤੇ ਹੋਰ ਸ਼ਾਮਲ ਸਨ।

ਸਿੱਖ ਜਥੇਬੰਦੀਆਂ ਵੱਲੋਂ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ 15 ਤੱਕ ਗ੍ਰਿਫ਼ਤਾਰ ਕਰਨ

page-6-7-(JAN)-2023-G-(BV).qxd 1/6/2023 9:59 PM Page 1

ਸ਼ਹੀਦਾਂ ਦੇ ਸੁਪਨੇ ਵਿਸਾਰ ਕੇ ਹਾਕਮਾਂ ਦੇਸ਼ ਨੂੰ ਮੁੜ ਗੁਲਾਮੀ ਵੱਲ ਧੱਕਿਆ : ਪੰਡੋਰੀ ਸਿੱਧਵਾਂ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)- ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕਿਸਾਨਾਂ ਮਜ਼ਦੂਰਾਂ ਸਮੇਤ ਆਮ ਵਰਗ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਤਰਨਤਾਰਨ ਅਤੇ ਟੋਲ ਪਲਾਜ਼ਾ ਉਸਮਾ ਅਤੇ ਮੰਨਣ 'ਤੇ ਚੱਲ ਰਿਹਾ ਮੋਰਚੇ ਨਿਰੰਤਰ ਵਿਸ਼ਾਲ ਹੋ ਰਹੇ ਹਨ। ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚੋਂ ਲੋਕਾਂ ਵੱਲੋਂ ਦੁੱਧ ਤੇ ਪ੍ਰਸ਼ਾਦੇ ਲੈ ਕੇ ਮੋਰਚੇ ਵਿੱਚ ਸ਼ਾਮਲ ਹੋਣ ਨਾਲ ਮੋਰਚੇ ਨੂੰ ਵੱਡਾ ਬਲ ਮਿਲ ਰਿਹਾ ਹੈ। ਇਨ੍ਹਾਂ ਮੋਰਚਿਆਂ ਵਿੱਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਰੇਸ਼ਮ ਸਿੰਘ ਘੁਰਕਵਿੰਡ, ਦਿਆਲ ਸਿੰਘ ਮੀਆਂਵਿੰਡ, ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵੱਡੀਆਂ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਦੇ ਸੁਪਨਿਆਂ ਨੂੰ ਵਿਸਾਰ ਕੇ ਦੇਸ਼ ਦੇ ਹਾਕਮਾਂ ਵੱਲੋਂ ਲੋਕ ਮਾਰੂ ਨੀਤੀਆਂ ਨਾਲ ਅੱਜ ਦੇਸ਼ ਨੂੰ ਮੁੜ ਗੁਲਾਮੀ ਵੱਲ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੱਕ ਈਸਟ ਇੰਡੀਆ ਕੰਪਨੀ ਆਉਣ ਨਾਲ ਦੇਸ਼ ਨੂੰ ਲੰਬਾ ਸਮਾਂ ਗੁਲਾਮੀ ਝੱਲਣੀ ਪਈ ਪਰ ਹੁਣ ਸਰਕਾਰਾਂ ਵੱਲੋਂ ਵੱਡੀ ਪੱਧਰ 'ਤੇ ਰਾਸ਼ਟਰੀ/ਬਹੁਰਾਸ਼ਟਰੀ ਕੰਪਨੀਆਂ ਨੂੰ ਸੱਦਾ ਦੇ ਕੇ ਸਾਰੇ ਜਨਤਕ ਅਦਾਰੇ ਧੜਾਧੜ ਉਨ੍ਹਾਂ ਹਵਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜਿਵੇਂ ਸਕੂਲ, ਹਸਪਤਾਲ ਨਿੱਜੀ ਖੇਤਰ ਕੋਲ ਜਾਣ ਕਰਕੇ ਸਸਤੀ ਸਿੱਖਿਆ ਅਤੇ ਇਲਾਜ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ, ਇਸੇ ਤਰ੍ਹਾਂ ਬਿਜਲੀ, ਪਾਣੀ, ਸੜਕਾਂ, ਬੈਂਕ, ਜਹਾਜ਼, ਏਅਰਪੋਰਟ, ਕੋਲੇ ਦੀਆਂ ਖਾਣਾਂ, ਰੇਲਵੇ ਸਭਨਾਂ 'ਤੇ ਪੂੰਜੀਪਤੀ ਕਾਬਜ਼ ਹੋ ਚੁੱਕੇ ਹਨ ਜਿਨਾਂ ਦੇ ਮਾਰੂ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਹਨ । ਉਨ੍ਹਾਂ ਨੇ ਅੱਗੇ ਕਿਹਾ ਕਿ ਸਰਕਾਰ ਵੱਲੋਂ ਰਹਿੰਦੀ ਕਸਰ ਪੂਰੀ ਕਰਦਿਆਂ ਪੰਜਾਬ ਵਿੱਚ ਰਹਿੰਦੇ ਰੇਲਵੇ ਸਟੇਸ਼ਨ ਵੀ ਨਿੱਜੀ ਖੇਤਰ ਹਵਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਤਰਨਤਾਰਨ ਦੇ ਖੇਮਕਰਨ, ਕੈਰੋਂ, ਘਰਿਆਲਾ ਆਦਿ ਸਮੇਤ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਸ਼ਾਮਲ ਹਨ। ਉਨ੍ਹਾਂ ਨੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਧਰਤੀ, ਹਵਾ, ਪਾਣੀ ਅਤੇ ਆਪਣੇ ਜਨਤਕ ਅਦਾਰੇ ਬਚਾਉਣ ਲਈ ਹਾਕਮਾਂ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਡਟ ਕੇ ਸੰਘਰਸ਼ਾਂ ਦੇ ਰਾਹ ਤੁਰਨਾ ਚਾਹੀਦਾ ਹੈ।

ਇਸ ਮੌਕੇ ਕਸ਼ਮੀਰ ਕੌਰ, ਮਨਜਿੰਦਰ ਕੌਰ ਨਵੇਂ ਵਰਿਆ, ਮਨਜੀਤ ਕੌਰ ਮੋਹਨਪੁਰ, ਪ੍ਰਬਜੀਤ ਕੌਰ, ਮਨਜੀਤ ਕੌਰ, ਚਰਨ ਕੌਰ ਉਸਮਾ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਅਮਰਜੀਤ ਸਿੰਘ ਉਸਮਾ, ਜਸਵੰਤ ਸਿੰਘ ਉਸਮਾ, ਸਰਬਜੀਤ ਸਿੰਘ, ਸੁਰਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਨਵੇਂ ਵਰਿਆਂ ਹਾਜ਼ਰ ਸਨ।

ਬੀ ਐੱਲ ਓਜ਼ ਘਰ-ਘਰ ਜਾ ਕੇ ਵੋਟਰ ਸੂਚੀਆਂ ਦੇ ਡਾਟੇ ਨੂੰ ਅਧਾਰ ਕਾਰਡ ਨਾਲ ਕਰਨਗੇ ਲਿੰਕ

ਗੁਰਦਾਸਪੁਰ, (ਜਨਕ ਮਹਾਜਨ)-ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੇ ਡਾਟੇ ਨੂੰ ਅਧਾਰ ਕਾਰਡ ਨਾਲ ਲਿੰਕ ਕਰਨ ਲਈ ਬੂਥ ਲੈਵਲ 'ਤੇ ਵਿਸ਼ੇਸ਼ ਕੈਂਪ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਵਿਧਾਨ ਸਭਾ ਹਲਕਿਆਂ ਦੇ ਬੀਐੱਲਓਜ਼ 8 ਜਨਵਰੀ, 5 ਫਰਵਰੀ ਤੇ 5 ਮਾਰਚ ਨੂੰ ਹਰ ਬੂਥ 'ਤੇ ਵਿਸ਼ੇਸ਼ ਕੈਂਪ ਲਗਾਉਣਗੇ ਅਤੇ ਨਾਲ ਹੀ ਕੈਂਪ ਵਾਲੇ ਦਿਨ ਵੋਟਰਾਂ ਦੇ ਘਰ-ਘਰ ਜਾ ਕੇ ਵੋਟਰ ਸੂਚੀਆਂ ਦੇ ਡਾਟੇ ਨੂੰ ਅਧਾਰ ਕਾਰਡ ਨਾਲ ਲਿੰਕ ਕਰਨਗੇ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ ਨੇ ਇਨ੍ਹਾਂ ਵਿਸ਼ੇਸ਼ ਕੈਂਪਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਵੋਟਰਾਂ ਦਾ ਵੋਟਰ ਕਾਰਡ ਤੇ ਅਧਾਰ ਕਾਰਡ ਦਾ ਡਾਟਾ ਲਿੰਕ ਨਹੀਂ ਹੋਇਆ ਉਸ ਡਾਟੇ ਨੂੰ ਲਿੰਕ ਕਰਨ ਲਈ ਇਹ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲੇ ਦੇ ਸਮੂਹ ਬੀਐੱਲਓਜ਼ 8 ਜਨਵਰੀ, 5 ਫਰਵਰੀ ਤੇ 5 ਮਾਰਚ ਨੂੰ ਆਪਣੇ ਬੂਥ ਉਪਰ ਵਿਸ਼ੇਸ਼ ਕੈਂਪ ਲਗਾਉਣ ਦੇ ਨਾਲ ਆਪਣੇ ਬੂਥ ਦੇ ਇਲਾਕੇ ਦੇ ਵੋਟਰਾਂ ਦੇ ਘਰ-ਘਰ ਜਾ ਕੇ ਅਧਾਰ ਕਾਰਡਾਂ ਦੇ ਡਾਟੇ ਨੂੰ ਵੋਟਰ ਸੂਚੀਆਂ ਨਾਲ ਲਿੰਕ ਕਰਨਗੇ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਸਮੂਹ ਈਆਰਓਜ਼, ਸੈਕਟਰ ਅਫ਼ਸਰਾਂ ਅਤੇ ਸੁਪਰਵਾਈਜ਼ਰਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਕੈਂਪਾਂ ਵਾਲੇ ਦਿਨ ਇਹ ਯਕੀਨੀ ਬਣਾਉਣਗੇ ਕਿ ਸਾਰੇ ਬੀਐੱਲਓਜ਼ ਵੱਲੋਂ ਆਪਣੇ ਖੇਤਰਾਂ ਵਿੱਚ ਘਰ-ਘਰ ਜਾ ਕੇ ਅਧਾਰ ਕਾਰਡਾਂ ਦੇ ਡਾਟੇ ਨੂੰ ਵੋਟਰ ਸੂਚੀਆਂ ਨਾਲ ਲਿੰਕ ਕੀਤਾ ਜਾਵੇ। ਉਨਾਂ ਜ਼ਿਲ੍ਹੇ ਦੇ ਵੋਟਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਅਧਾਰ ਕਾਰਡ ਲਿੰਕ ਕਰਵਾਉਣ ਵਿੱਚ ਬੀਐੱਲਓਜ਼ ਨੂੰ ਸਹਿਯੋਗ ਕਰਨ।

ਧੀਆਂ ਦੀ ਲੋਹੜੀ ਦਾ ਧਾਰੀਵਾਲ 'ਚ ਜਸ਼ਨ 11 ਨੂੰ : ਜੇ. ਪੀ. ਸਿੰਘ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੰਸਥਾ ਹਿਊਮਨ ਰਾਈਟਸ ਸੁਰੱਕਸ਼ਾ ਸੁਸਾਇਟੀ ਦੀ ਇਸ ਵਰ੍ਹੇ ਦੀ ਪਹਿਲੀ ਬੈਠਕ ਸੰਸਥਾ ਦੇ ਜ਼ਿਲ੍ਹਾ ਦਫਤਰ ਧਾਰੀਵਾਲ ਵਿਖੇ ਲਵਲੀ ਨਾਗੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਇੰਜੀਨੀਅਰ ਜੇ. ਪੀ. ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੁਸਾਇਟੀ ਦੇ ਅਹੁਦੇਦਾਰਾਂ ਨੇ ਮੀਟਿੰਗ ਦੌਰਾਨ ਆਪਣੇ ਵਿਚਾਰ ਸਾਂਝੇ ਕਰਦਿਆਂ ਨਵੇਂ ਸਾਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭ ਨੂੰ ਵਧਾਈ ਦਿੱਤੀ। ਇਸ ਮੌਕੇ ਸੁਸਾਇਟੀ ਵਲੋਂ ਧਾਰੀਵਾਲ ਵਿੱਚ 11 ਜਨਵਰੀ ਨੂੰ ਧੀਆਂ ਦੀ ਲੋਹੜੀ ਮਨਾਉਣ ਸਬੰਧੀ ਫੈਸਲਾ ਲਿਆ ਗਿਆ। ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਇੰਜੀਨੀਅਰ ਜੇ. ਪੀ. ਸਿੰਘ ਨੇ ਦੱਸਿਆ ਕਿ ਧੀਆਂ ਦੀ ਲੋਹੜੀ ਮਨਾਉਣ ਦਾ ਪ੍ਰੋਗਰਾਮ 11 ਜਨਵਰੀ ਦਿਨ ਬੁੱਧਵਾਰ ਨੂੰ 12 ਵਜੇ ਗੁਰੂ ਰਵਿਦਾਸ ਭਵਨ ਧਾਰੀਵਾਲ ਵਿਖੇ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਨਵ-ਜੰਮੀਆਂ ਧੀਆਂ ਦੀ ਲੋਹੜੀ ਮਨਾਈ ਜਾਵੇਗੀ ਅਤੇ ਉਨ੍ਹਾਂ ਦੀਆਂ ਮਾਤਾਵਾਂ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਇਸ ਲੋਹੜੀ ਦੇ ਪ੍ਰੋਗਰਾਮ ਵਿੱਚ ਸੁਸਾਇਟੀ ਦੀ ਨੈਸ਼ਨਲ ਟੀਮ ਵੀ ਸ਼ਿਰਕਤ ਕਰੇਗੀ। ਇਸ ਮੌਕੇ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਇੰਜ: ਜੇ. ਪੀ. ਸਿੰਘ, ਜ਼ਿਲ੍ਹਾ ਯੂਥ ਪ੍ਰਧਾਨ ਲਵਲੀ ਨਾਗੀ, ਸੇਵਾਮੁਕਤ ਐੱਸ. ਡੀ. ਓ. ਸੁਖਦੇਵ ਸਿੰਘ, ਸੇਵਾਮੁਕਤ ਐਸ. ਡੀ. ਓ. ਚਮਨ ਲਾਲ ਸੋਹਲ, ਜਨਰਲ ਸਕੱਤਰ ਗੁਰਬਚਨ ਸਿੰਘ, ਸਕੱਤਰ ਅਮਰੀਕ ਸਿੰਘ ਲੇਹਲ, ਰਾਮਪਾਲ ਬੱਲ, ਰੋਬਨ ਮਸੀਹ, ਰਾਣਾ, ਮਨਦੀਪ ਸਿੰਘ, ਗੁਰਕਿਰਪਾਲ ਸਿੰਘ, ਰਣਜੀਤ ਸਿੰਘ ਨਾਗੀ ਅਤੇ ਗੁਰਮੇਜ ਸਿੰਘ ਆਦਿ ਹਾਜ਼ਰ ਸਨ।

ਡੀ ਸੀ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਆਧਾਰ ਕਾਰਡ ਅਪਡੇਟ ਰੱਖਣ ਦੀ ਅਪੀਲ

ਪਠਾਨਕੋਟ, (ਦਵਿੰਦਰ ਸਿੰਘ)-ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਜ਼ਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਆਪਣਾ ਆਧਾਰ ਕਾਰਡ ਅਪਡੇਟ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਆਧਾਰ ਕਾਰਡ ਧਾਰਕ ਜਿਨ੍ਹਾਂ ਨੇ ਪਿਛਲੇ 8 ਸਾਲਾਂ ਤੋਂ ਆਪਣਾ ਆਧਾਰ ਅਪਡੇਟ ਨਹੀਂ ਕੀਤਾ ਹੈ, ਉਹ ਆਪਣਾ ਆਧਾਰ ਕਾਰਡ ਆਨਲਾਈਨ ਪੋਰਟਲ ਜਾਂ ਐੱਮ. ਅਧਾਰ ਐਪ ਰਾਹੀਂ ਜਾਂ ਆਫ਼ਲਾਈਨ ਨੇੜੇ ਦੇ ਆਧਾਰ ਸੈਂਟਰ ਵਿਖੇ ਜਾ ਕੇ ਆਪਣੇ ਪਛਾਣ ਦੇ ਪ੍ਰਮਾਣ ਅਤੇ ਪਤੇ ਦੇ ਸਬੂਤ ਤੇ ਪ੍ਰਮਾਣਿਕ ਦਸਤਾਵੇਜ਼ਾਂ ਦੇ ਨਾਲ ਆਧਾਰ ਕਾਰਡ ਨੂੰ ਅਪਡੇਟ ਕਰਵਾਉਣਾ ਲਾਜ਼ਮੀ ਬਣਾਉਣ।

ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਪਿਛਲੇ ਦਹਾਕੇ ਵਿੱਚ ਵਿਲੱਖਣ 12 ਅੰਕਾਂ ਵਾਲਾ ਪਛਾਣ ਨੰਬਰ ਭਾਰਤ ਵਿੱਚ ਵਸਨੀਕਾਂ ਦੀ ਪਛਾਣ ਦੇ ਇੱਕ ਸਰਵ-ਪ੍ਰਵਾਨਿਤ ਸਬੂਤ ਵਜੋਂ ਉੱਭਰਿਆ ਹੈ। ਉਨ੍ਹਾਂ ਕਿਹਾ ਕਿ ਆਧਾਰ ਵਿੱਚ ਦਸਤਾਵੇਜ਼ਾਂ ਨੂੰ ਅੱਪਡੇਟ ਰੱਖਣਾ ਜੀਵਨ ਦੀ ਸੌਖ, ਬਿਹਤਰ ਸੇਵਾ ਪ੍ਰਦਾਨ ਕਰਨ ਵਿੱਚ ਮਦਦ ਕਰਨ ਦੇ ਨਾਲ-ਨਾਲ ਸਹੀ ਪ੍ਰਮਾਣਿਕਤਾ ਨੂੰ ਵੀ ਸਮਰੱਥ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਵਸਨੀਕਾਂ ਦੇ ਹਿੱਤ ਵਿੱਚ ਹੈ ਕਿ ਉਹ ਆਪਣੇ ਆਧਾਰ ਨੂੰ ਪਛਾਣ ਦੇ ਮੌਜੂਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਨਾਲ ਸਮੇਂ-ਸਮੇਂ 'ਤੇ ਅਪਡੇਟ ਕਰਵਾਉਂਦੇ ਰਹਿਣ ਕਿਉਂਕਿ ਵੱਡੀ ਗਿਣਤੀ ਵਿੱਚ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਤੇ ਵਿੱਤੀ ਸੰਸਥਾਵਾਂ ਜਿਵੇਂ ਕਿ ਬੈਂਕ ਆਦਿ ਆਪਣੇ ਗਾਹਕਾਂ ਨੂੰ ਪ੍ਰਮਾਣਿਤ ਕਰਨ ਅਤੇ ਆਨ ਬੋਰਡ ਕਰਨ ਲਈ ਆਧਾਰ ਦੀ ਵਰਤੋਂ ਕਰਦੇ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੋਬਾਇਲ ਨੰਬਰ ਅਤੇ ਈ-ਮੇਲ ਆਈ. ਡੀ. ਨੂੰ ਆਧਾਰ ਕਾਰਡ ਨਾਲ ਅਪਡੇਟ ਕਰਨ ਦੇ ਨਾਲ-ਨਾਲ 05 ਅਤੇ 15 ਸਾਲ ਦੀ ਉਮਰ ਦੇ ਬੱਚਿਆਂ ਲਈ ਬਾਇਓਮੀਟ੍ਰਿਕ ਅੱਪਡੇਟ ਕਰਵਾਉਣਾ ਵੀ ਯਕੀਨੀ ਬਣਾਉਣ।

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ- ਟੀ-22-22-23
ਬੰਦ ਹੋਣ ਦੀ ਮਿਤੀ/ਸਮਾਂ-18.01.2023 ਨੂੰ 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-22/22-23 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 18.01.2023 ਨੂੰ 15:00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
NIT HEADER

ਕੰਮ ਦਾ ਨਾਮ	ਫਿਰੋਜਪੁਰ ਮੰਡਲ ਦੇ 121 ਸਟੇਸ਼ਨਾਂ ਤੇ ਪੈਸੰਜਰ ਅਡ੍ਰੇਸ ਸਿਸਟਮ/ਕੰਪਿਊਟਰ ਆਧਾਰਿਤ ਉਦਘੋਸ਼ਣਾ ਪ੍ਰਣਾਲੀ ਦਾ ਪ੍ਰਾਵਧਾਨ।		
ਟਾਈਪ ਆਫ ਟੈਂਡਰ	ਸਿੰਗਲ	ਟੈਂਡਰ ਪਾਉਣ ਦਾ ਸਿਸਟਮ	ਸਿੰਗਲ ਪੈਕਟ ਸਿਸਟਮ
ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ	18.01.2023 15.00	ਟੇਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ	24.12.2022 17:06 ਵਜੇ
ਟੈਂਡਰ ਪ੍ਰੀ-ਬਿਡ ਚਾਹੀਦਾ	ਨਹੀਂ	ਟੈਂਡਰ ਪ੍ਰੀ ਬਿਡ ਦੇ ਬਾਰੇ ਵਿਚ ਜਾਣਕਾਰੀ ਦੀ ਮਿਤੀ ਅਤੇ ਸਮਾਂ	ਮਾਨਯ ਨਹੀਂ ਹੈ
ਅੰਦਾਜਨ ਕੀਮਤ	ਰੁ. 13483627.33	ਟੈਂਡਰਿੰਗ ਸੇਕਸ਼ਨ	ਟੇਲੀਕੋਮ
ਟੈਂਡਰ ਪਾਉਣ ਦਾ ਤਰੀਕਾ	ਸਿੰਗਲ ਮੁਲ ਸ਼ਡਿਊਲ ਦੀ ਹਰੇਕ ਮਦ ਦੇ ਲਈ	ਬਿਡਿੰਗ ਯੂਨਿਟ	ਰੁ./ਹਰੇਕ
ਬਿਆਨਾ ਰਾਸ਼ੀ (ਰੁ.)	ਰੁ. 217400/-	ਟੈਂਡਰ ਦੀ ਵੈਧਤਾ ਅਤੇ ਦਿਨ	60 ਦਿਨ
ਟੈਂਡਰ ਡਾਕੂਮੈਂਟ ਦੀ ਕੀਮਤ (ਰੁ.)	0/-	ਕੰਮ ਪੂਰਾ ਕਰਨ ਦਾ ਸਮਾਂ	06 ਮਹੀਨੇ
ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ	04.01.2023		

73/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕਲਾਸੀਫਾਈਡ ਇਸ਼ਤਿਹਾਰ

Court Notice

In the Court of Sh. Barjinder Pal Singh
Principal Judge, Family Court, Dera Bassi.
CNR No. PBSAF3-003272-2021
Next Date : 2.3.2023
Satwinder Kaur
Versus
Anoop Pabiyal

Publication issued to : Anoop Pabiyal Father Amarjeet Singh R/o Vill. Makowal, Tehsil Sh. Chamkaur Shahib, Distt. Roop Nagar, Pb. 2nd Add Vill. Behampur Bet, Tehsil Sh. Chamkaur Sahib, Distt. Roop Nagar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.3.2023 at 10.00 a.m.

For details logon to https://highcourtchd.gov.in/?trs=district notice&district=SAS Nagar

Principal Judge, Family Court, Dera Bassi
Dated, this day of 14.12.2022

Court Notice

In the Court of Ms. Indu Bala
Addl. Civil Judge (Senior Division), Payal.
CNR No. PBSGD0-000093-2022
Next Date : 31.1.23
Punjab National Bank
Versus
Darbara Singh S/o Karnail Singh

Publication issued to : Darbara Singh S/o Karnail Singh Vill. Gidraini Tehsil. Lehra Distt. Sangrur

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.1.2023 at 10.00 a.m.

For details logon to https://highcourtchd.gov.in/?trs=district notice&district=Sangrur

Addl. Civil Judge (Senior Divison), Payal.
Dated, this day of 14.12.2022

Court Notice

In the Court of Ms. Amita Singh Principal Judge Family Court, Budhlada
CNR No. PBMNF2-000343-2022
GW/23/2022
Next Date : 3.3.2023
Hardarshan Singh S/o Harchand Singh R/o Nandgarh, Tehsil Sardulgarh, Distt. Mansa.
Versus
General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.3.2023 at 10.00 a.m.

For details logon to https://highcourtchd.gov.in/?trs=district notice&district=Mansa

Principal Judge Family Court, Budhlada

Court Notice

In the Court of Ms. Aashia Jindal Civil Judge Junior Division-3, Samana.
CNR No. PBPTC0-000086-2021
Next Date : 27.1.2023
Kuldeep Singh
Versus
General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.1.2023 at 10.00 a.m.

For details logon to https://highcourtchd.gov.in/?trs=district notice&district=Patiala

Civil Judge Junior Division-3, Samana.
Dated,this day of 4.1.2023

ਪਬਲਿਕ ਨੋਟਿਸ

ਮੈਂ ਨਿਰੰਜਣ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਲਾਭ ਸਿ

7-JAN-PAGE-7.qxd 1/6/2023 9:56 PM Page 1

ਪੁਲਸ ਫੋਰਸ ਦੇ ਬਲ 'ਤੇ ਪਾਈ ਜਾ ਰਹੀ ਗੈਸ ਪਾਈਪ ਲਾਈਨ ਕਿਸਾਨ ਯੂਨੀਅਨ ਨੇ ਰੁਕਵਾਈ

ਤਲਵੰਡੀ ਸਾਬੋ (ਜਗਦੀਪ ਗਿੱਲ)

ਤਲਵੰਡੀ ਸਾਬੋ ਦੇ ਪਿੰਡ ਕੌਰੇਆਣਾ ਵਿਖੇ ਰਿਫਾਇਨਰੀ ਵੱਲੋਂ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਡੀ ਐੱਸ ਪੀ ਤਲਵੰਡੀ ਸਾਬੋ ਵੱਲੋਂ ਪੁਲਸ ਫੋਰਸ ਦੇ ਜ਼ੋਰ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਸਵੇਰੇ 4 ਵਜੇ ਪਾਉਣੀ ਸ਼ੁਰੂ ਕਰ ਦਿੱਤੀ। ਜਦੋਂ ਇਸ ਘਟਨਾ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਨੂੰ ਸਬੰਧਤ ਕਿਸਾਨ ਵੀਰਾਂ ਵੱਲੋਂ ਇਸ ਦੀ ਜਾਣਕਾਰੀ ਦਿੱਤੀ ਗਈ ਤਾਂ ਬਲਾਕ ਆਗੂ ਬਿੰਦਰ ਜੋਗੇਵਾਲਾ ਦੀ ਅਗਵਾਈ ਵਿੱਚ ਕਿਸਾਨਾਂ ਨੇ ਮੌਕੇ 'ਤੇ ਪਹੁੰਚ ਕੇ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਪ੍ਰਸ਼ਾਸਨ ਵੱਲੋਂ ਕਿਸਾਨਾਂ ਨਾਲ ਧੱਕਾ-ਮੁੱਕੀ ਕਰਦਿਆਂ ਬਿੰਦਰ ਸਿੰਘ ਸਮੇਤ 4 ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ, ਬਲਾਕ ਆਗੂ ਕਾਲਾ ਸਿੰਘ ਚੱਠੇਵਾਲਾ, ਰਣਜੋਧ ਸਿੰਘ ਮਾਹੀ ਨੰਗਲ ਦੀ ਅਗਵਾਈ ਵਿੱਚ ਕਿਸਾਨਾਂ ਦੇ ਕਾਫਲੇ ਨੇ ਧੱਕੇ ਨਾਲ ਪਾਈਪ ਲਾਈਨ ਪਾਉਣ ਦਾ ਵਿਰੋਧ ਕੀਤਾ ਤਾਂ ਪਾਈਪ ਲਾਈਨ ਪਾਉਣ ਦਾ ਕੰਮ ਰੋਕਿਆ ਗਿਆ। ਕਿਸਾਨ ਆਗੂਆ ਨੇ ਦੱਸਿਆ ਕਿ ਗੋਗੀ ਸਿੰਘ ਸਮੇਤ ਦੋ ਹੋਰ ਕਿਸਾਨਾਂ ਨੂੰ ਬਿਨਾਂ ਯੋਗ ਮੁਆਵਜ਼ਾ ਦਿੱਤੇ, ਉਨ੍ਹਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਪਾਉਣੀ ਸ਼ੁਰੂ ਕਰ ਦਿੱਤੀ ਸੀ। ਕਿਸਾਨ ਆਗੂਆ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਲੋਕਾਂ ਵੱਲੋਂ ਬਦਲਾਅ ਲਈ ਲਿਆਂਦੀ ਸਰਕਾਰ ਜਿਸ ਤੋਂ ਬਹੁਤ ਉਮੀਦਾਂ ਸਨ, ਇਹ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉੱਤਰ ਸਕੀ, ਸਗੋਂ ਦੋ ਕਦਮ ਅੱਗੇ ਚੱਲ ਕੇ ਜ਼ੁਲਮ ਢਾਹ ਰਹੀ ਹੈ ਤੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤ ਰਹੀ ਹੈ। ਅਖੀਰ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਸਾਰੇ ਕਿਸਾਨਾਂ ਨੂੰ ਰਿਹਾਅ ਕਰਨ ਤੋਂ ਬਾਅਦ ਪਿੰਡ ਕੌਰੇਆਣਾ ਵਿੱਚ ਮੁਜ਼ਾਹਰਾ ਕੱਢਿਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਬਿਨਾਂ ਕਿਸਾਨਾਂ ਦੀ ਸਹਿਮਤੀ ਤੋਂ ਧੱਕੇ ਨਾਲ ਪਾਈਪ ਲਾਈਨ ਪਾਉਣ ਆਵੇਗਾ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ।

ਰਾਜਪਾਲ ਵੱਲੋਂ ਅਫਸਰਸ਼ਾਹੀ ਨੂੰ ਹਦਾਇਤਾਂ ਦੇਣਾ ਸੂਬੇ ਦੇ ਰਾਜ ਪ੍ਰਬੰਧ 'ਚ ਨਜਾਇਜ਼ ਦਖਲ : ਲਿਬਰੇਸ਼ਨ

ਮਾਨਸਾ (ਆਤਮਾ ਸਿੰਘ ਪਮਾਰ)

ਪੰਜਾਬ ਦੇ ਰਾਜਪਾਲ ਸ੍ਰੀ ਪ੍ਰੋਹਿਤ ਵੱਲੋਂ ਸੂਬੇ ਦੇ ਸਾਰੇ ਆਈ ਏ ਐੱਸ ਤੇ ਆਈ ਪੀ ਐੱਸ ਅਫਸਰਾਂ ਨੂੰ ਸਿੱਧੇ ਚਿੱਠੀਆਂ ਲਿਖਣ ਨੂੰ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਸੂਬੇ ਦੇ ਰਾਜ ਪ੍ਰਬੰਧ ਵਿੱਚ ਬਹਾਨੇ ਨਾਲ ਨਜਾਇਜ਼ ਦਖਲ ਅੰਦਾਜ਼ੀ ਕਰਨਾ ਕਰਾਰ ਦਿੱਤਾ ਹੈ। ਪਾਰਟੀ ਵੱਲੋਂ ਇਥੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਤਾਂ ਅਸੀਂ ਰਾਜਪਾਲਾਂ ਵੱਲੋਂ ਮੋਦੀ ਸਰਕਾਰ ਦੇ ਲੁੱਕਵੇਂ ਨਿਰਦੇਸ਼ਾਂ ਤਹਿਤ ਬੰਗਾਲ, ਕੇਰਲ, ਝਾਰਖੰਡ, ਦਿੱਲੀ ਵਰਗੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਹੋਰਨਾਂ ਸੂਬਿਆਂ ਵਿੱਚ ਸੂਬਾ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਤੇ ਉਨ੍ਹਾਂ ਦੇ ਵਿਧਾਨਕ ਕੰਮਾਂ ਵਿੱਚ ਮਨਮਾਨਾ ਦਖਲ ਦਿੰਦਿਆਂ ਵੇਖਦੇ ਸੀ, ਪਰ ਹੁਣ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਹੀ ਕੁਝ ਪੰਜਾਬ ਵਿੱਚ ਵੀ ਸ਼ੁਰੂ ਹੋ ਗਿਆ ਹੈ। ਇਹ ਤਾਜ਼ਾ ਚਿੱਠੀ ਲਿਖਣ ਤੋਂ ਪਹਿਲਾਂ ਵੀ ਪ੍ਰੋਹਿਤ ਜੀ ਸੂਬੇ ਦੇ ਸੰਵੇਦਨਸ਼ੀਲ ਸਰਹੱਦੀ ਇਲਾਕਿਆਂ ਵਿੱਚ ਸਿੱਧੇ ਤੌਰ 'ਤੇ ਅਫਸਰਸ਼ਾਹੀ ਤੇ ਜਨਤਾ ਨਾਲ ਮੀਟਿੰਗਾਂ ਕਰਕੇ ਚਰਚਾ ਵਿੱਚ ਆਏ ਸਨ। ਬੇਸ਼ੱਕ ਹੁਣ ਇਹ ਚਿੱਠੀਆਂ ਲਿਖਣ ਦਾ ਜਾਹਰਾ ਮਨੋਰਥ ਲੋਕਾਂ ਨੂੰ ਸਾਫ-ਸੁਥਰਾ, ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਲਈ ਸੰਕਲਪ ਲੈਣ ਲਈ ਕਹਿਣਾ ਹੈ, ਪਰ ਚਿੱਠੀ ਰਾਹੀਂ ਇਹ ਆਮ ਨੈਤਿਕ ਉਪਦੇਸ਼ ਦਿੰਦਿਆਂ ਵੀ ਰਾਜਪਾਲ ਸਾਹਿਬ ਇਹ ਦੱਸਣਾ ਨਹੀਂ ਭੁੱਲਦੇ ਕਿ ਇਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਸੰਦੇਸ਼ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਰਾਜਪਾਲ ਦਾ ਅਹੁਦਾ ਇੱਕ ਸੰਵਿਧਾਨਕ ਅਹੁਦਾ ਹੈ। ਇਸ ਅਹੁਦੇ ਉਤੇ ਬੇਸ਼ੱਕ ਕੋਈ ਵੀ ਨਿਯੁਕਤ ਹੋਏ, ਉਸ ਤੋਂ ਸੰਵਿਧਾਨ ਦੇ ਨਿਰਮਾਤਾ ਇਹ ਉਮੀਦ ਕਰਦੇ ਸਨ ਕਿ ਉਹ ਆਪਣੀਆਂ ਤੇ ਨਿੱਜੀ ਅਤੇ ਸਿਆਸੀ ਲਾਲਸਾਵਾਂ ਨੂੰ ਕਾਬੂ ਰੱਖਦੇ ਹੋਏ ਇਸ ਸੰਵਿਧਾਨਕ ਅਹੁਦੇ ਦੀ ਮਾਣ ਮਰਿਯਾਦਾ ਦਾ ਪਾਲਣ ਕਰੇਗਾ ਅਤੇ ਅਪਣੇ ਅਧਿਕਾਰ ਖੇਤਰ ਤੋਂ ਬਾਹਰ ਨਹੀਂ ਜਾਵੇਗਾ, ਪਰ ਭ੍ਰਿਸ਼ਟ ਤੇ ਅਨੈਤਿਕ ਸੱਤਾਧਾਰੀਆਂ ਵਾਂਗ ਅੱਜ ਦੇ ਸੰਵਿਧਾਨਕ ਅਹੁਦੇਦਾਰਾਂ ਲਈ ਵੀ ਸ਼ਾਇਦ ਇਹ 'ਲਛਮਣ ਰੇਖਾਵਾਂ' ਫੋਕੀਆਂ ਗੱਲਾਂ ਬਣ ਕੇ ਰਹਿ ਗਈਆਂ, ਪਰ ਆਪ ਸਰਕਾਰ ਨਾਲ ਲੱਖ ਮੱਤਭੇਦ ਰੱਖਦਿਆਂ ਵੀ ਸੂਬਾ ਸਰਕਾਰ ਦੇ ਅਧਿਕਾਰਾਂ, ਜਮਹੂਰੀਅਤ ਤੇ ਫੈਡਰਲ ਢਾਂਚੇ ਦੀ ਹਾਮੀ ਹੋਣ ਕਾਰਨ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਰਾਜਪਾਲ ਵੱਲੋਂ ਸੂਬੇ ਦੇ ਰਾਜ ਪ੍ਰਬੰਧ ਵਿੱਚ ਅਜਿਹੀ ਦਖਲ ਅੰਦਾਜ਼ੀ ਦਾ ਸਖਤ ਵਿਰੋਧ ਕਰਦੀ ਹੈ।

ਫੋਟੋ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਦੇ ਸੈੱਟ ਜ਼ਿਲ੍ਹਾ ਚੋਣ ਅਫਸਰ ਨੇ ਰਾਜਨੀਤਕ ਪਾਰਟੀਆਂ ਨੂੰ ਸੌਂਪੇ

ਬਰਨਾਲਾ (ਰਜਿੰਦਰ ਸਿੰਘ, ਗੁਰਪ੍ਰੀਤ ਸਿੰਘ)-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ.ਏ.ਐੱਸ. ਵੱਲੋਂ ਜ਼ਿਲ੍ਹਾ ਬਰਨਾਲਾ ਦੇ ਸਮੂਹ ਨੈਸ਼ਨਲ/ਸਟੇਟ ਲੈਵਲ ਰਾਜਨੀਤਕ ਪਾਰਟੀਆਂ ਦੇ ਪ੍ਰਧਾਨ/ਨੁਮਾਇੰਦਿਆਂ ਨਾਲ ਯੋਗਤਾ ਮਿਤੀ 01.01.2023 ਦੇ ਆਧਾਰ 'ਤੇ ਫੋਟੋ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਮਿਤੀ 05.01.2023 ਕਰਨ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਯੋਗਤਾ ਮਿਤੀ 01.01.2023 ਦੇ ਆਧਾਰ 'ਤੇ ਫੋਟੋ ਵੋਟਰ ਸੂਚੀ ਦੀ ਸਪੈਸ਼ਲ ਸਰਸਰੀ ਸੁਧਾਈ ਦੌਰਾਨ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਸ ਜ਼ਿਲ੍ਹੇ ਵਿੱਚ ਪੈਂਦੇ ਵਿਧਾਨ ਸਭਾ ਚੋਣ ਹਲਕਾ 102-ਭਦੌੜ (ਅ.ਜ.), 103-ਬਰਨਾਲਾ ਅਤੇ 104-ਮਹਿਲ ਕਲਾਂ (ਅ.ਜ) ਵਿੱਚ ਵੋਟਰ ਸੂਚੀ ਦੇ ਸਪੈਸ਼ਲ ਸਰਸਰੀ ਸੁਧਾਈ-2023 ਦੌਰਾਨ ਪ੍ਰਾਪਤ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ ਕਰਨ ਉਪਰੰਤ ਜ਼ਿਲ੍ਹੇ ਵਿੱਚ ਕੁੱਲ 493863 ਵੋਟਰ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਹਨ। ਜ਼ਿਲ੍ਹੇ ਵਿੱਚ ਕੁੱਲ 2439 ਸਰਵਿਸ ਵੋਟਰ ਰਜਿਸਟਰਡ ਕੀਤੇ ਗਏ ਹਨ। ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਮੂਹ ਰਜਿਸਟਰਡ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬਿਨਾਂ ਫੋਟੋ ਵਾਲੀ ਵੋਟਰ ਸੂਚੀ ਦੀ ਸੀ.ਡੀ. ਤੇ ਵੋਟਰ ਸੂਚੀ ਦਾ ਇੱਕ-ਇੱਕ ਸੈੱਟ ਪ੍ਰਤੀ ਵਿਧਾਨ ਸਭਾ ਹਲਕਾ ਵੀ ਸਪਲਾਈ ਕੀਤਾ ਗਿਆ। ਤਹਿਸੀਲਦਾਰ ਚੋਣਾਂ ਵੱਲੋਂ ਸਮੂਹ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਮਿਤੀ 08.01.2023 ਨੂੰ ਵੋਟਰ ਸੂਚੀ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਸਬੰਧੀ ਪੋਲਿੰਗ ਸਟੇਸ਼ਨਾਂ 'ਤੇ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪਾਂ ਵਿੱਚ ਆਧਾਰ ਕਾਰਡ ਲਿੰਕ ਕਰਵਾਉਣ ਸਬੰਧੀ ਵੱਧ ਤੋਂ ਵੱਧ ਵੋਟਰਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ ਗਈ ਤੇ ਆਪਣੀ-ਆਪਣੀ ਪਾਰਟੀ ਦੇ ਬੂਥ ਲੈਵਲ ਏਜੰਟ ਨਿਯੁਕਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਐੱਸ.ਡੀ.ਐੱਮ. ਗੋਪਾਲ ਸਿੰਘ ਤੇ ਹਰਜਿੰਦਰ ਕੌਰ ਚੋਣ ਤਹਿਸੀਲਦਾਰ ਤੋਂ ਇਲਾਵਾ ਇਸ ਜ਼ਿਲ੍ਹੇ ਦੇ ਸਮੂਹ ਰਾਜਨੀਤਕ ਪਾਰਟੀਆਂ ਦੇ ਪ੍ਰਧਾਨ/ਨੁਮਾਇੰਦੇ ਜਨਰੈਲ ਸਿੰਘ ਭੋਤਨਾ ਸ਼੍ਰੋਮਣੀ ਅਕਾਲੀ ਦਲ, ਜਤਿੰਦਰ ਜਿੰਮੀ ਸ਼੍ਰੋਮਣੀ ਅਕਾਲੀ ਦਲ, ਲਵਪ੍ਰੀਤ ਸਿੰਘ, ਭਾਰਤੀ ਜਨਤਾ ਪਾਰਟੀ, ਜਸਵਿੰਦਰ ਸਿੰਘ ਸੰਘੇੜਾ, ਆਮ ਆਦਮੀ ਪਾਰਟੀ, ਮਨਪ੍ਰੀਤ ਸ਼ਰਮਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਦਰਸ਼ਨ ਸਿੰਘ ਝਲੂਰ, ਬਹੁਜਨ ਸਮਾਜ ਪਾਰਟੀ, ਮੇਵਾ ਸਿੰਘ ਧਨੌਲਾ, ਬਹੁਜਨ ਸਮਾਜ ਪਾਰਟੀ ਤੇ ਹਵਾ ਸਿੰਘ ਹਨੇਰੀ, ਬਹੁਜਨ ਸਮਾਜ ਪਾਰਟੀ ਹਾਜ਼ਰ ਸਨ।

ਕਾਤਰਾਂ

ਪੰਜਾਬ ਪ੍ਰਧਾਨ ਦੀ ਬੁਢਲਾਡਾ ਫੇਰੀ ਸੰਬੰਧੀ ਮੀਟਿੰਗ

ਬਰੇਟਾ (ਰੀਤਵਾਲ)-ਸਥਾਨਕ ਭਾਜਪਾ ਮੰਡਲ ਦੀ ਇੱਕ ਮੀਟਿੰਗ ਮੰਡਲ ਪ੍ਰਧਾਨ ਗਜਿੰਦਰ ਗੋਇਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਤੇ ਹਲਕਾ ਇੰਚਾਰਜ ਭੋਲਾ ਸਿੰਘ ਹਸਨਪੁਰ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਨੇ ਕਿਹਾ ਕਿ 8 ਜਨਵਰੀ ਨੂੰ ਉਨ੍ਹਾਂ ਦੀ ਤਾਜਪੋਸ਼ੀ ਲਈ ਭਾਜਪਾ ਦੇ ਪੰਜਾਬ ਪ੍ਰਧਾਨ ਬੁਢਲਾਡਾ ਵਿਖੇ ਪੁੱਜੇ ਰਹੇ ਹਨ। ਉਨ੍ਹਾ ਵਰਕਰਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਪੁੱਜਣ ਦੀ ਅਪੀਲ ਕੀਤੀ। ਇਸ ਮੌਕੇ ਸੂਰਜ ਪ੍ਰਕਾਸ਼, ਪ੍ਰੇਮ ਕੁਮਾਰ ਬਖਸ਼ੀਵਾਲਾ, ਤਰਸੇਮ ਚੰਦ ਟੋਨੀ, ਪਵਨ ਕੁਮਾਰ, ਨਰਿੰਦਰ ਕੁਮਾਰ, ਅਸ਼ੋਕ ਕੁਮਾਰ, ਜਗਸੀਰ ਸ਼ਰਮਾ, ਜਗਪਾਲ ਸਿੰਘ, ਬਲਵਾਨ ਸ਼ਰਮਾ, ਸੁਦਰਸ਼ਨ ਗੁਪਤਾ, ਨਰਿੰਦਰ ਕੁਮਾਰ, ਮਨਪ੍ਰੀਤ ਸ਼ਰਮਾ ਹਾਜ਼ਰ ਸਨ।

ਸ਼ੋਕ ਸਮਾਚਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਸਪਾ ਦੇ ਹਲਕਾ ਉੱਪ ਪ੍ਰਧਾਨ ਗੁਰਪ੍ਰੀਤ ਸਿੰਘ ਮਾਨ ਦੇ ਭਰਾ ਸਿਕੰਦਰ ਸਿੰਘ ਮਾਨ ਨਮਿੱਤ ਆਖੰਡ ਪਾਠ ਸਾਹਿਬ ਦਾ ਭੋਗ ਤੇ ਅੰਤਿਮ ਅਰਦਾਸ 7 ਜਨਵਰੀ ਸ਼ਨੀਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ (ਨੇੜੇ ਪੁਰਾਣੀ ਸਬਜ਼ੀ ਮੰਡੀ) ਵਿਖੇ ਬਾਅਦ ਦੁਪਹਿਰ 12 ਤੋਂ 1.30 ਵਜੇ ਤੱਕ ਹੋਵੇਗੀ।

ਖੇਤ 'ਚੋਂ ਕਿੱਲੋ ਹੈਰੋਇਨ ਬਰਾਮਦ

ਮਮਦੋਟ (ਜਸਬੀਰ ਸਿੰਘ ਕੰਬੋਜ)-ਜ਼ਿਲ੍ਹਾ ਫਿਰੋਜ਼ਪੁਰ 'ਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਸਬੰਧੀ ਸੁਰੱਖਿਆ ਬਲਾਂ ਨੂੰ ਉਸ ਵੇਲੇ ਵੱਡੀ ਸਫਲਤਾ ਮਿਲ, ਜਦ ਸਵੇਰ ਦੇ ਸਮੇਂ ਬੀ ਐੱਸ ਐੱਫ ਦੇ ਜਵਾਨਾਂ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਪੀਰ ਇਸਮਾਈਲ ਖਾਂ ਦੇ ਨੇੜੇ ਪੈਂਦੇ ਖੇਤਰ ਵਿੱਚ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੇ ਅੱਗੇ ਪੈਰਾਂ ਦੇ ਸ਼ੱਕੀ ਨਿਸ਼ਾਨ ਦੇਖੇ। ਸੁਰੱਖਿਆ ਬਲ ਦੇ ਜਵਾਨਾਂ ਵੱਲੋਂ ਇਸ ਖੇਤਰ ਦੀ ਡੂੰਘਾਈ ਨਾਲ ਤਲਾਸ਼ੀ ਦੌਰਾਨ ਫੌਜੀਆਂ ਨੇ ਆਲੂ ਦੇ ਖੇਤ ਵਿੱਚੋਂ ਪੀਲੇ ਰੰਗ ਦੇ ਪੋਲੀਥੀਨ 'ਚ ਲਪੇਟਿਆ ਸ਼ੱਕੀ ਨਸ਼ੀਲੇ ਪਦਾਰਥ (ਹੈਰੋਇਨ) ਦਾ ਇੱਕ ਪੈਕੇਟ ਬਰਾਮਦ ਕੀਤਾ, ਜਿਸ ਦਾ ਵਜ਼ਨ ਕਰਨ 'ਤੇ ਇੱਕ ਕਿਲੋਗ੍ਰਾਮ ਪਾਇਆ ਗਿਆ।

26 ਗੱਟੇ ਚੌਲ ਚੋਰੀ, ਅਣਪਛਾਤੇ ਵਿਰੁੱਧ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਪੁਲਸ ਨੇ ਪਿੰਡ ਫਲੀਆਂਵਾਲਾ ਵਿਖੇ ਖੜੇ ਟਰੱਕ ਵਿੱਚੋਂ 26 ਗੱਟੇ ਚਾਵਲ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਮਨਦੀਪ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਰਾਮੂਵਾਲਾ ਜੈਤੋ (ਫਰੀਦਕੋਟ) ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 30 ਦਸੰਬਰ 2022 ਨੂੰ ਬਜਰੰਗ ਟ੍ਰਾਂਸਪੋਰਟ ਜਲਾਲਾਬਾਦ ਰਾਹੀਂ ਕੇ. ਸੀ. ਰਾਈਸ ਮਿਲ ਜਲਾਲਾਬਾਦ ਤੋਂ 680 ਗੱਟੇ (50-50 ਕਿੱਲੋਗ੍ਰਾਮ) ਲੋਡ ਕਰਵਾ ਕੇ ਸ਼੍ਰੀ ਗਨੇਸ਼ ਐਗਰੋ ਫੂਡਜ਼ ਹਰਿਆਣਾ ਵਿਖੇ ਪਹੁੰਚਾਉਣੇ ਸੀ, ਕਰੀਬ ਸਾਢੇ 8 ਵਜੇ ਜਦੋਂ ਗੱਡੀ ਲੋਡ ਕਰਵਾ ਕੇ ਚੱਲ ਪਿਆ ਤੇ ਰਸਤੇ ਵਿੱਚ ਪਿੰਡ ਫਲੀਆਂਵਾਲਾ ਵਿਖੇ ਆਪਣੇ ਟਰੱਕ ਦੇ ਟਾਇਰਾਂ ਦੀ ਹਵਾ ਚੈੱਕ ਕਰਨ ਲਈ ਰੁਕਿਆ ਤਾਂ ਕਿਸੇ ਅਣਪਛਾਤੇ ਵਿਅਕਤੀ ਦੁਆਰਾ ਟਰੱਕ ਵਿੱਚੋਂ ਕਰੀਬ 26 ਗੱਟੇ ਚੋਲਾਂ ਦੇ ਉਤਾਰ ਲਏ ਗਏ, ਜਿਸ ਦੀ ਕੀਮਤ ਕਰੀਬ 1,12000 ਰੁਪਏ ਬਣਦੀ ਹੈ। ਪੁਲਸ ਨੇ ਅਣਪਛਾਤੇ ਵਿਅਕਤੀ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

ਜਵਾਹਰ ਨਵੋਦਿਆ 'ਚ ਦਾਖਲਾ ਪ੍ਰੀਖਿਆ ਲਈ 31 ਤੱਕ ਭਰੇ ਜਾਣਗੇ ਫਾਰਮ

ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਜਵਾਹਰ ਨਵੋਦਿਆ ਸਕੂਲ ਢਿੱਲਵਾਂ (ਬਰਨਾਲਾ) ਦੇ ਇੰਚਾਰਜ ਪ੍ਰਿੰਸੀਪਲ ਸ੍ਰੀ ਹੇਮ ਰਾਜ ਨੇ ਦੱਸਿਆ ਕਿ ਜਵਾਹਰ ਨਵੋਦਿਆ ਸਕੂਲ ਵਿਖੇ ਛੇਵੀਂ ਜਮਾਤ (ਸੈਸ਼ਨ 2023-24) ਵਿੱਚ ਦਾਖਲਾ ਲੈਣ ਲਈ ਫਾਰਮ ਆਨਲਾਈਨ ਭਰਨੇ 2 ਜਨਵਰੀ 2023 ਤੋਂ ਸ਼ੁਰੂ ਹੋ ਚੁੱਕੇ ਹਨ। ਕੋਈ ਵੀ ਉਮੀਦਵਾਰ ਜੋ ਜ਼ਿਲ੍ਹਾ ਬਰਨਾਲਾ ਦਾ ਪੱਕਾ ਵਸਨੀਕ ਹੈ ਤੇ ਇਸ ਸਮੇਂ ਬਰਨਾਲਾ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਪੰਜਵੀਂ ਜਮਾਤ (2022-23) ਵਿੱਚ ਪੜ੍ਹ ਰਿਹਾ ਹੈ ਤੇ ਉਮਰ ਦੀ ਹੱਦ ਮਿਤੀ 1 ਮਈ 2011 ਤੋਂ 30 ਅਪ੍ਰੈਲ 2013 ਤੱਕ ਹੈ, ਉਹ ਫਾਰਮ ਭਰ ਸਕਦਾ ਹੈ। ਛੇਵੀਂ ਜਮਾਤ ਸੈਸ਼ਨ 2023-24 ਦਾ ਦਾਖ਼ਲਾ ਲੈਣ ਲਈ ਪ੍ਰੀਖਿਆ 29 ਅਪਰੈਲ 2023 ਨੂੰ ਹੋਵੇਗੀ। ਵਿਭਾਗ ਦੀ ਵੈੱਬਸਾਈਟ www.navodaya.gov.in 'ਤੇ ਫਾਰਮ ਭਰਨ ਦੀ ਮਿਤੀ 31 ਜਨਵਰੀ 2023 ਤੱਕ ਹੈ। ਵਧੇਰੇ ਜਾਣਕਾਰੀ ਲਈ ਹੈਲਪ ਡੈਸਕ ਨੰ

6-JAN-PAGE- 8.qxd 1/6/2023 10:01 PM Page 1

ਸੰਤ ਸੀਚੇਵਾਲ ਦੀ ਅਗਵਾਈ 'ਚ ਬਾਬੇ ਨਾਨਕ ਦੀ ਨਗਰੀ ਨੂੰ ਦੇਸ਼ ਦਾ ਖੂਬਸੂਰਤ ਸ਼ਹਿਰ ਬਣਾਉਣ ਦੀ ਮੁਹਿੰਮ ਸ਼ੁਰੂ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ, ਹਨੀ)-ਬਾਬੇ ਨਾਨਕ ਦੀ ਨਗਰੀ ਨੂੰ ਦੇਸ਼ ਦੇ ਖੂਬਸੂਰਤ ਸ਼ਹਿਰਾਂ ਵਿੱਚ ਸ਼ਾਮਿਲ ਕਰਵਾਉਣ ਦੀ ਮੁਹਿੰਮ ਦੀ ਸ਼ੁਰੂਆਤ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਵਿੱਚ ਕੀਤੀ ਗਈ। ਇਹ ਮੁਹਿੰਮ ਵਾਰਡ ਨੰਬਰ ਤਿੰਨ ਤੋਂ ਕੀਤੀ ਗਈ। ਵਾਰਡ ਦੀਆਂ ਗਲੀਆਂ ਵਿੱਚੋਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਆਪ ਕੂੜਾ ਇੱਕਠਾ ਕੀਤਾ। ਉਨ੍ਹਾਂ ਨੇ ਇਸ ਵਾਰਡ ਵਿੱਚ ਆਉਂਦੀਆਂ ਦੁਕਾਨਾਂ 'ਤੇ ਜਾ ਕੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਤੇ ਵਾਪਰਕ ਅਦਾਰਿਆਂ ਵਿੱਚ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਡਸਟਬਿਨਾਂ ਵਿੱਚ ਪਾਉਣ ਤਾਂ ਜੋ ਸ਼ਹਿਰ ਨੂੰ ਮੁਕੰਮਲ ਤੌਰ 'ਤੇ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇ। ਸੰਤ ਸੀਚੇਵਾਲ ਨੇ ਕਿਹਾ ਕਿ ਜਿਵੇਂ ਸੰਗਤਾਂ ਦੇ ਸਹਿਯੋਗ ਨਾਲ ਪਵਿੱਤਰ ਕਾਲੀ ਵੇਈਂ ਨੂੰ ਨਿਰਮਲ ਬਣਾਇਆ ਹੈ ਉਸੇ ਤਰ੍ਹਾਂ ਲੋਕਾਂ ਦੇ ਸਹਿਯੋਗ ਨਾਲ ਬਾਬੇ ਨਾਨਕ ਦੀ ਇਤਿਹਾਸਕ ਨਗਰੀ ਨੂੰ ਸਾਫ-ਸੁਥਰੀ ਤੇ ਸੁੰਦਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ 14 ਸਾਲ 9 ਮਹੀਨੇ ਤੇ 13 ਦਿਨ ਦਾ ਸਮਾਂ ਬਤੀਤ ਕੀਤਾ ਸੀ। ਇੱਥੇ ਹੀ ਉਨ੍ਹਾਂ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਸੀ ਤੇ ਇਸ ਨਗਰੀ ਵਿੱਚ ਜਿੱਥੇ ਉਨ੍ਹਾਂ ਦਾ ਵਿਆਹ ਹੋਇਆ ਉਥੇ ਹੀ ਉਨ੍ਹਾਂ ਨੇ ਸਰਬੱਤ ਦੇ ਭਲੇ ਲਈ ਉਦਾਸੀਆਂ ਵੀ ਸ਼ੁਰੂ ਕੀਤੀਆਂ ਸਨ।

ਸੰਤ ਸੀਚੇਵਾਲ ਨੇ ਇਸ ਸ਼ਹਿਰ ਨੂੰ ਇੰਦੌਰ ਤੋਂ ਵੀ ਖੂਬਸੂਰਤ ਬਣਾਉਣ ਦੇ ਦ੍ਰਿੜ ਇਰਾਦੇ ਨਾਲ ਕਿਹਾ ਕਿ ਕੇਂਦਰ ਸਰਕਾਰ ਨੇ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ। ਇਸ ਸਫਾਈ ਮੁਹਿੰਮ ਵਿੱਚ ਸ਼ਾਮਿਲ ਹੋਈ ਐਸ.ਡੀ.ਐਮ ਨੂੰ ਵੀ ਉਨ੍ਹਾਂ ਕਿਹਾ ਕਿ ਸਮਾਰਟ ਸਿਟੀ ਸਕੀਮ ਤਹਿਤ ਆਉਣ ਵਾਲੀਆਂ ਸਾਰੀਆਂ ਗਰਾਂਟਾਂ 100 ਫੀਸਦੀ ਖਰਚ ਹੋਣ ਤੇ ਕਿਸੇ ਵੀ ਗਰਾਂਟ ਦਾ ਪੈਸਾ ਵਾਪਸ ਨਾ ਜਾਵੇ। ਉਨ੍ਹਾਂ ਦੱਸਿਆ ਕਿ ਸਾਲ 2023 ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ ਕਰਨ ਦੇ ਸਾਲ ਵੱਜੋਂ ਮਨਾਇਆ ਜਾ ਰਿਹਾ ਹੈ। ਸੁਲਤਾਨਪੁਰ ਲੋਧੀ ਦੇ ਵਾਰਡ ਨੰਬਰ ਤਿੰਨ ਤੋਂ ਸ਼ੁਰੂ ਕੀਤੀ ਇਸ ਮੁਹਿੰਮ ਦੌਰਾਨ ਆਪ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਐਸ.ਡੀ.ਐਮ ਚੰਦਰਾਜਯੋਤੀ ਸਿੰਘ, ਈ.ਓ ਧਰਮਪਾਲ ਸਿੰਘ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਖੁਦ ਕੂੜਾ ਚੁੱਕਿਆ। ਇਸ ਮੌਕੇ ਸੁਲਤਾਨਪੁਰ ਲੋਧੀ ਤੋਂ ਆਪ ਦੇ ਆਗੂ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਇਹ ਆਪਣੇ ਆਪ ਵਿਚ ਹੀ ਬਹੁਤ ਵੱਡੀ ਪ੍ਰੇਰਨਾ ਵਾਲੀ ਮੁਹਿੰਮ ਬਣ ਗਈ ਹੈ ਕਿ ਜਦੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਖੁਦ ਇੱਕ ਧਾਰਮਿਕ ਸਖਸ਼ੀਅਤ ਤੇ ਰਾਜ ਸਭਾ ਮੈਂਬਰ ਲੋਕਾਂ ਦੇ ਘਰ ਘਰ ਜਾ ਕੇ ਉਨ੍ਹਾਂ ਜਾਗਰੂਕ ਕਰ ਰਹੇ ਹਨ।

ਇਸ ਮੌਕੇ ਮਾਸਟਰ ਕੇਡਰ ਯੂਨੀਅਨ ਪ੍ਰਧਾਨ ਨਰੇਸ਼ ਕੋਹਲੀ, ਜੀ.ਟੀ.ਯੂ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਵੱਧਵਾ, ਮਾਸਟਰ ਅਨਿਲ ਭਾਟੀਆ, ਗੱਤਕਾ ਕੋਚ ਗੁਰਵਿੰਦਰ ਕੌਰ, ਮਾਸਟਰ ਮਨੋਜ ਕੁਮਾਰ, ਸਿਟੀਜ਼ਨ ਵੈਲਫੇਅਰ ਫੋਰਮ ਦੇ ਚੇਅਰਮੈਨ ਚੰਦਰ ਮੋਹਨ ਸ਼ਰਮਾ, ਰਾਜੀਵ ਧੀਰ, ਗੁਰਦੀਪ ਸਿੰਘ, ਸੁਖਜੀਤ ਸਿੰਘ, ਜਸਵੰਤ ਸਿੰਘ, ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਖਿਡਾਰੀ ਆਦਿ

ਅਧਿਆਪਕਾਂ ਦੀਆਂ ਬਕਾਇਆ ਮੰਗਾਂ ਦੇ ਹੱਲ ਲਈ ਪੜਾਅਵਾਰ ਸੰਘਰਸ਼ ਕਰੇਗੀ ਗੌਰਮਿੰਟ ਟੀਚਰਜ਼ ਯੂਨੀਅਨ

ਜਲੰਧਰ -(ਸ਼ੈਲੀ ਐਲਬਰਟ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਦੀ ਅਗਵਾਈ ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਗਈ । ਜਿਸ ਵਿੱਚ ਅਧਿਆਪਕਾਂ ਦੇ ਬਕਾਇਆ ਮਸਲਿਆਂ ਨੂੰ ਹੱਲ ਕਰਾਉਣ ਲਈ ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਪੜਾਅਵਾਰ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ ਗਿਆ।। ਮੀਟਿੰਗ ਦੇ ਫੈਸਲਿਆਂ ਬਾਰੇ ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਮੱਕੜ ਨੇ ਦੱਸਿਆ ਕਿ 11 ਜਨਵਰੀ ਤੋਂ 19 ਜਨਵਰੀ ਤੱਕ ਸਾਰੇ ਬਲਾਕਾਂ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ ਅਤੇ ਲੋੜ ਪਈ ਤਾਂ ਅਧਿਆਪਕਾਂ ਦੇ ਮਸਲੇ ਹੱਲ ਕਰਾਉਣ ਲਈ ਧਰਨੇ ਪ੍ਰਦਰਸ਼ਨ ਵੀ ਕੀਤੇ ਜਾਣਗੇ। ਇਸ ਸਮੇਂ ਫੈਸਲਾ ਕੀਤਾ ਗਿਆ ਕਿ ਪ੍ਰਾਇਮਰੀ ਤੇ ਸੈਕੰਡਰੀ ਜ਼ਿਲ੍ਹਾ ਸਿਖਿਆ ਅਫ਼ਸਰਾਂ ਨੂੰ ਲੰਬੇ ਸਮੇਂ ਤੋਂ ਪੈਂਡਿੰਗ ਪਰਮੋਸ਼ਨਾਂ,ਮੈਡੀਕਲ ਰੀ-ਅੰਬਰਸਮੈਂਟ ਕੇਸਾਂ ਤੇ ਬਲਾਕਾਂ ਵਿੱਚ ਕਲਰਕਾਂ ਦੀ ਘਾਟ ਤੇ ਬਲਾਕਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਵੀ ਸੰਘਰਸ਼ ਦੀ ਰੂਪ ਰੇਖਾ ਉਲੀਕੀ ਗਈ।

ਹਰਮਨਜੋਤ ਸਿੰਘ ਵਾਲੀਆ ਨੂੰ ਸਰਬਸੰਮਤੀ ਨਾਲ ਜ਼ਿਲ੍ਹਾ ਵਿੱਤ ਸਕੱਤਰ ਦਾ ਕਾਰਜਭਾਰ ਸੰਭਾਲਿਆ ਗਿਆ । ਜੁਆਇੰਟ ਸਕੱਤਰ ਕੁਲਦੀਪ ਵਾਲੀਆ, ਜੁਆਇੰਟ ਵਿੱਤ ਸਕੱਤਰ ਨਿਰਮੋਲਕ ਸਿੰਘ ਹੀਰਾ, ਪ੍ਰੈੱਸ ਸਕੱਤਰ ਰਗਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ,ਤੀਰਥ ਸਿੰਘ ਬਾਸੀ ਆਦਿ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਸਮੇਂ ਹਰਮਨਜੋਤ ਸਿੰਘ ਆਹਲੂਵਾਲੀਆ,ਰਗਜੀਤ ਸਿੰਘ, ਬਲਵੀਰ ਭਗਤ,ਰਾਜੀਵ ਭਗਤ, ਕੁਲਵੰਤ ਰਾਮ ਰੁੜਕਾ, ਅਮਰਜੀਤ ਭਗਤ, ਮੁਲਖ ਰਾਜ, ਸੰਦੀਪ ਰਾਜੋਵਾਲ, ਸ਼ਿਵ ਰਾਜ ਕੁਮਾਰ, ਰਣਜੀਤ ਠਾਕੁਰ, ਜਤਿੰਦਰ ਸਿੰਘ, ਕੁਲਦੀਪ ਸਿੰਘ ਕੌੜਾ,ਦੀਪਕ ਕੁਮਾਰ ਨਕੋਦਰ, ਰਾਜਿੰਦਰ ਸਿੰਘ ਭੋਗਪੁਰ, ਸੁਖਵਿੰਦਰ ਕੁਮਾਰ, ਸੂਰਤੀ ਲਾਲ, ਵਿਨੋਦ ਭੱਟੀ, ਪਰਨਾਮ ਸਿੰਘ ਸੈਣੀ,ਪਰੇਮ ਖਲਵਾੜਾ, ਵੇਦ ਰਾਜ, ਸਰਬਜੀਤ ਸਿੰਘ ਢੇਸੀ, ਰਤਨ ਸਿੰਘ, ਅਨਿਲ ਭਗਤ, ਮੰਗਤ ਰਾਮ ਸਮਰਾ, ਸੁਸ਼ੀਲ ਕੁਮਾਰ, ਸੰਦੀਪ ਸ਼ਰਮਾ, ਆਦਿ ਅਧਿਆਪਕ ਆਗੂ ਹਾਜ਼ਰ ਸਨ।

ਐੱਲ ਪੀ ਯੂ ਵੱਲੋਂ ਆਨਲਾਈਨ ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ ਨਿੱਜੀ ਸੰਪਰਕ

ਜਲੰਧਰ -(ਸ਼ੈਲੀ ਐਲਬਰਟ)- : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ) ਨੇ ਆਪਣੇ ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ ਦੋ ਹਫ਼ਤਿਆਂ ਦਾ ਆਨਲਾਈਨ 'ਪਰਸਨਲ ਸੰਪਰਕ ਪ੍ਰੋਗਰਾਮ (ਪੀਸੀਪੀ)' ਕਰਵਾਇਆ। ਲਗਭਗ 250 ਫੈਕਲਟੀ ਮੈਂਬਰਾਂ ਨੇ 525 ਕੋਰਸਾਂ ਲਈ ਕਲਾਸਾਂ ਚਲਾਈਆਂ। ਲਾਈਵ ਵਰਚੁਅਲ ਕਲਾਸਾਂ ਲਰਨਿੰਗ ਮੈਨੇਜਮੈਂਟ ਸਿਸਟਮ - ਐਲ.ਪੀ.ਯੂ ਈ-ਕਨੈਕਟ ਦੇ ਮਾਈ ਕਲਾਸ ਪਲੇਟਫਾਰਮ ਦੁਆਰਾ ਆਯੋਜਿਤ ਕੀਤੀਆਂ ਗਈਆਂ ਸਨ। ਵੱਖ-ਵੱਖ ਥਾਵਾਂ ਤੋਂ ਹਜ਼ਾਰਾਂ ਵਿਦਿਆਰਥੀਆਂ ਨੇ ਆਨਲਾਈਨ ਪੀ.ਸੀ.ਪੀ. ਕਲਾਸਾਂ ਲਗਾਈਆਂ। ਇਨ੍ਹਾਂ ਸਾਰਿਆਂ ਨੇ ਯੂਨੀਵਰਸਿਟੀ ਦੇ ਵਿਸ਼ਾ ਵਿਸ਼ੇਸ਼ ਮਾਹਿਰਾਂ ਤੋਂ ਅਕਾਦਮਿਕ ਕਾਊਂਸਲਿੰਗ ਹਾਸਲ ਕੀਤੀ, ਜਿੱਥੇ ਵਿਦਿਆਰਥੀਆਂ ਦੇ ਸਵਾਲਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹੱਲ ਪ੍ਰਦਾਨ ਕੀਤਾ ਗਿਆ । ਵਿਦਿਆਰਥੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਦੇ ਆਧਾਰ 'ਤੇ ਯੂਨੀਵਰਸਿਟੀ ਨੇ ਮੈਨੇਜਮੈਂਟ, ਕੰਪਿਊਟਰ ਐਪਲੀਕੇਸ਼ਨ, ਇਨਫਰਮੇਸ਼ਨ ਟੈਕਨਾਲੋਜੀ, ਕਾਮਰਸ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ, ਅਰਥ ਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਪੰਜਾਬੀ, ਇਤਿਹਾਸ, ਰਾਜਨੀਤੀ ਸ਼ਾਸਤਰ, ਮਨੋਵਿਗਿਆਨ ਅਤੇ ਸਮਾਜ ਸ਼ਾਸਤਰ ਵਿਸ਼ਿਆਂ ਵਿੱਚ ਪੀ.ਸੀ.ਪੀ. ਲਗਾਈ ।ਬਹੁਤ ਸਾਰੇ ਸਰਕਾਰੀ ਕਰਮਚਾਰੀ ਅਤੇ ਉਨ੍ਹਾਂ ਵਰਗੇ ਹੋਰ ਪੇਸ਼ੇਵਰ ਵਿਦਿਆਰਥੀ ਵੀ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਨ੍ਹਾਂ ਕਲਾਸਾਂ ਵਿੱਚ ਹਾਜ਼ਰ ਹੋਏ। ਭਾਗ ਲੈਣ ਵਾਲੇ ਐਮਬੀਏ ਦੇ ਵਿਦਿਆਰਥੀਆਂ ਵਿੱਚੋਂ ਇੱਕ ਅਕਸ਼ੈ ਗਰੋਵਰ ਨੇ ਸਾਂਝਾ ਕੀਤਾ ਕਿ ਕਿਤਾਬ ਵਿੱਚੋਂ ਸਾਰੀ ਸਮੱਗਰੀ ਦਾ ਅਧਿਐਨ ਕਰਨਾ ਥੋੜ੍ਹਾ ਮੁਸ਼ਕਲ ਸੀ। ਪੀਸੀਪੀ ਦੀਆਂ ਵਿਸ਼ੇਸ਼ ਕਲਾਸਾਂ ਨੇ ਅਧਿਐਨ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਦੀ ਰਣਨੀਤੀ ਪ੍ਰਦਾਨ ਕੀਤੀ। ਇੱਕ ਹੋਰ ਮਾਸਟਰ ਆਫ਼ ਆਰਟਸ (ਇਕਨਾਮਿਕਸ) ਦੀ ਵਿਦਿਆਰਥਣ ਲਵਲੀਨ ਦਾ ਮੰਨਣਾ ਹੈ ਕਿ ਐਲਪੀਯੂ ਦੇ ਅਧਿਆਪਕਾਂ ਨੇ ਲੋੜੀਂਦੇ ਗਿਆਨ ਨੂੰ ਜੋੜਨ ਲਈ ਸਰਲ ਤਰੀਕਿਆਂ ਨਾਲ ਵਾਰਤਾਲਾਪ ਕੀਤਾ। ।

ਐਲਪੀਯੂ ਦੇ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਦੀ ਡਾਇਰੈਕਟਰ ਨੇ ਦੱਸਿਆ ਕਿ, ਇਸ ਸਮੇਂ ਜਨਵਰੀ 2023 ਸੈਸ਼ਨ ਲਈ ਐਲਪੀਯੂ ਦੇ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਲਈ ਦਾਖਲਾ ਚੱਲ ਰਿਹਾ ਹੈ। ਵਧੇਰੇ ਜਾਣਕਾਰੀ ਲਈ, ਕੋਈ ਵੀ 01824-521360 'ਤੇ ਕਾਲ ਕਰਕੇ ਜਾਂ ਈ-ਮੇਲ ਰਾਹੀਂ ਯੂਨੀਵਰਸਿਟੀ ਨਾਲ ਸੰਪਰਕ ਕਰ ਸਕਦਾ ਹੈ।।

ਨੰਗਲ ਸ਼ਹੀਦਾਂ ਟੋਲ ਪਲਾਜ਼ਾ 'ਤੇ ਨਿਰੰਤਰ ਚੱਲ ਰਹੇ ਧਰਨੇ 'ਚ ਕੀਤੀ ਸ਼ਮੂਲੀਅਤ

ਮਾਹਿਲਪੁਰ- (ਸਫਰੀ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਦਿੱਤੇ ਸੱਦੇ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਯੂਨੀਅਨ ਦੇ ਆਗੂਆਂ ਤੇ ਸਮੱਰਥਕਾਂ ਨੇ ਟੋਲ ਪਲਾਜਾ ਨੰਗਲ ਸ਼ਹੀਦਾਂ ਵਿਖੇ ਪਹੁੰਚ ਕੇ ਲਗਾਤਾਰ ਚੱਲ ਰਹੇ ਧਰਨੇ ਵਿੱਚ ਸਮੂਲੀਅਤ ਕੀਤੀ ਅਤੇ ਰੋਸ ਪ੍ਰਦਰਸਨ ਕਰਦਿਆਂ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਉਨ੍ਹਾਂ ਵਲੋਂ ਪਹਿਲਾਂ ਤੋਂ ਟੋਲ ਪਲਾਜਾ 'ਤੇ ਲਗਾਤਾਰ ਧਰਨੇ 'ਤੇ ਬੈਠੇ ਮਜਦੂਰ ਕਿਸਾਨ ਸੰਘਰਸ਼ ਕਮੇਟੀ ਦਾ ਲੋਕ ਹਿੱਤਾਂ ਤੇ ਸਾਂਝੇ ਮੁੱਦਿਆਂ 'ਤੇ ਲੜੇ ਜਾ ਰਹੇ ਸੰਘਰਸ਼ਾਂ ਵਿੱਚ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਜ਼ੀਰਾ ਸਾਂਝਾ ਮੋਰਚਾ ਵਲੋਂ ਚੱਲ ਰਹੇ ਸੰਘਰਸ਼ ਦਾ ਪੰਜਾਬ ਸਰਕਾਰ ਕੋਈ ਢੁੱਕਵਾਂ ਹੱਲ ਕੱਢਣ ਤੋਂ ਇਨਕਾਰੀ ਹੈ ਅਤੇ ਪੁਲਸ ਬਲਾਂ ਦੇ ਜੋਰ 'ਤੇ ਧਰਨਾ ਚੁਕਵਾਉਣ ਲਈ ਲਾਠੀਚਾਰਜ ਕਰਨ ਦੇ ਨਾਲ ਨਾਲ ਝੂਠੇ ਕੇਸ ਵੀ ਦਰਜ ਕਰ ਚੁੱਕੀ ਹੈ। ਦੂਜੇ ਪਾਸੇ ਵਾਤਾਵਰਣ ਤੇ ਪਾਣੀ ਨੂੰ ਪ੍ਰਦੂਸ਼ਿਤ ਕਰਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਵਾਲੇ ਲੁਟੇਰੇ ਸਰਮਾਏਦਾਰ ਫੈਕਟਰੀ ਮਾਲਕਾਂ ਦੀ ਪਹਿਲੀਆਂ ਸਰਕਾਰਾਂ ਵਾਂਗ ਹੀ ਅੰਦਰਖਾਤੇ ਡੱਟ ਕੇ ਮੱਦਦ ਕਰ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਧਰਨਿਆਂ 'ਤੇ ਬੈਠੇ ਕਿਰਤੀ ਲੋਕਾਂ ਦੀਆਂ ਮੰਗਾਂ ਜਲਦ ਤੋਂ ਜਲਦ ਪ੍ਰਵਾਨ ਕਰੇ ਨਹੀਂ ਤਾਂ ਸੰਯੁਕਤ ਕਿਸਾਨ ਮੋਰਚਾ ਦਿੱਲੀ ਵਾਂਗ ਸਾਰੀਆਂ ਕਿਸਾਨ ਮਜਦੂਰ ਮੁਲਾਜਮ ਵਿਦਿਆਰਥੀ ਤੇ ਹੋਰ ਭਰਾਤਰੀ ਜਥੇਬੰਦੀਆਂ ਮਿਲ ਕੇ ਪੰਜਾਬ ਸਰਕਾਰ ਖ਼ਿਲਾਫ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ। ਇਸ ਮੌਕੇ ਤੇ ਕਿਸਾਨ ਮਜਦੂਰ ਸੰਘਰਸ਼ ਕਮੇਟੀ ਦੀ ਜੋਨ ਪ੍ਰਧਾਨ ਕਮਲਜੀਤ ਕੌਰ ਫੁਗਲਾਣਾ ਨੇ ਉਨ੍ਹਾਂ ਨੂੰ ਸਮਰਥਨ ਦੇਣ ਪੁੱਜੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਉਣ ਨਾਲ ਉਨ੍ਹਾਂ ਨੂੰ ਊਰਜਾ ਤੇ ਉਤਸਾਹ ਮਿਲਿਆ ਹੈ ਤੇ ਉਹ ਅੱਗੇ ਤੋਂ ਵੀ ਇਹੀ ਚਾਹੁੰਦੇ ਹਨ ਕਿ ਜਥੇਬੰਦੀਆਂ ਦੇ ਸੂਬਾਈ ਆਗੂ ਮਿਲ ਕੇ ਸਾਂਝੇ ਸੰਘਰਸ਼ਾਂ ਦੇ ਸੱਦੇ ਦੇਣ। ਇਸ ਮੌਕੇ 'ਤੇ ਪੁੱਜੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੀਆਂ ਪਹਿਲੀਆਂ ਸਰਕਾਰਾਂ ਦੀਆਂ ਰਹਿੰਦੀਆਂ ਖੂੰਹਦੀਆਂ ਕਸਰਾਂ ਵੀ ਕੱਢ ਦਿੱਤੀਆਂ ਹਨ। ਮਜਬੂਰ ਤੇ ਦੁਖੀ ਲੋਕ ਪੋਹ ਦੀਆਂ ਠੰਡੀਆਂ ਰਾਤਾਂ ਖੁੱਲ੍ਹੇ ਅਸਮਾਨ ਹੇਠ ਗੁਜਾਰਦੇ ਹੋਏ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਧਰਨੇ 'ਤੇ ਜਾਨਾਂ ਵੀ ਕੁਰਬਾਨ ਕਰ ਰਹੇ ਹਨ ਪਰ ਜਾਲਮ ਤੇ ਮਕਾਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ ਤੇ ਉਲਟਾ ਲਤੀਫਪੁਰੇ ਵਰਗੇ ਕਹਿਰ ਵਰਤਾ ਕੇ ਲੋਕਾਂ ਨੂੰ ਉਜਾੜਨ ਲੱਗੀ ਹੋਈ ਹੈ। ਉਨ੍ਹਾਂ ਸਰਕਾਰ ਨੂੰ ਲੋਕਾਂ ਦੀਆਂ ਬਿਲਕੁਲ ਜਾਇਜ ਮੰਗਾਂ ਨੂੰ ਜਲਦ ਤੋਂ ਜਲਦ ਪ੍ਰਵਾਨ ਤੇ ਕੁਦਰਤੀ ਸੋਮਿਆ ਨੂੰ ਤਬਾਹ ਤੇ ਪ੍ਰਦਸ਼ਿਤ ਹੋਣ ਤੋਂ ਬਚਾਉਣ ਲਈ ਢੁੱਕਵੇਂ ਉਪਰਾਲੇ ਕਰਨ ਲਈ ਕਿਹਾ। ਧਰਨੇ ਵਿੱਚ ਮਾਤਾ ਭਾਗ ਕੌਰ ਦੀਆਂ ਵਾਰਿਸ ਬੀਬੀਆਂ ਵਲੋਂ ਵਿਸ਼ੇਸ਼ ਤੌਰ 'ਤੇ ਭਾਰੀ ਗਿਣਤੀ ਵਿੱਚ ਹਾਜਰੀ ਲਗਵਾਈ ਗਈ। ਇਸ ਮੌਕੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹੇ ਦੇ ਆਗੂ ਰਜਿੰਦਰ ਸਿੰਘ, ਗੁਰਕੀਰਤ ਸਿੰਘ ਥਿਆੜਾ,ਪਰਮਜੀਤ ਸਿੰਘ, ਗੁਰਦੀਪ ਸਿੰਘ ਬ

7 Jan-Page-9.qxd 1/6/2023 10:00 PM Page 1

24 ਨੂੰ ਡੀ ਸੀ ਦਫਤਰ ਅੱਗੇ ਕੀਤੀ ਜਾਵੇਗੀ ਜ਼ਿਲ੍ਹਾ ਪੱਧਰੀ ਰੈਲੀ, ਬਲਾਕ ਮੀਟਿੰਗਾਂ 11 ਤੋਂ

ਜਲੰਧਰ(ਰਾਜੇਸ਼ ਥਾਪਾ, ਸ਼ੈਲੀ ਅਲਬਰਟ)-ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਸਾਥੀ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਬਦਲਾਅ ਦਾ ਨਾਅਰਾ ਲਾ ਕੇ ਗੱਦੀ 'ਤੇ ਬਿਰਾਜਮਾਨ ਹੋਈ ਪੰਜਾਬ ਦੀ ਆਪ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਧਾਰੀ ਬੇਰੁਖੀ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮੁਲਾਜ਼ਮਾਂ ਦੀ ਸਿਰਮੌਰ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨੇ ਸਰਕਾਰ ਖਿਲਾਫ ਆਰ ਪਾਰ ਦੀ ਲੜਾਈ ਲੜਨ ਦਾ ਤਹੱਈਆ ਕਰ ਲਿਆ ਹੈ।

ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਕੁਲਦੀਪ ਵਾਲੀਆ,ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਯੂਨੀਅਨ ਜਲੰਧਰ ਦੇ ਚੇਅਰਮੈਨ ਅਕਲ ਚੰਦ ਸਿੰਘ ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ ਨੇ ਕਿਹਾ ਕਿ ਪੰਜਾਬ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਝੂਠੀ ਇਸ਼ਤਿਹਾਰਬਾਜ਼ੀ ਕਰ ਕੇ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਕੋਝਾ ਯਤਨ ਕਰ ਰਹੀ ਹੈ ਜਦ ਕਿ ਹਕੀਕਤ ਵਿੱਚ ਪੰਜਾਬ ਦੇ ਹਜ਼ਾਰਾਂ ਮੁਲਾਜਮ ਆਸ਼ਾ ਵਰਕਰਾਂ, ਮਿੱਡ-ਡੇ-ਮੀਲ ਵਰਕਰਾਂ, ਆਂਗਣਵਾੜੀ ਵਰਕਰਾਂ ਦੇ ਤੌਰ 'ਤੇ ਅੱਜ ਵੀ ਨਿਗੂਣੇ ਮਾਣ ਭੱਤੇ ਤੇ ਸੋਸ਼ਣ ਕਰਵਾਉਣ ਲਈ ਮਜਬੂਰ ਹਨ। ਆਗੂਆਂ ਨੇ ਕਿਹਾ ਕਿ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਲਈ ਜਾਰੀ ਕੀਤਾ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਲੰਗੜਾ ਨੋਟੀਫਿਕੇਸ਼ਨ ਅਜੇ ਤੱਕ ਵੀ ਮੁਲਜ਼ਮਾਂ ਦਾ ਮੂੰਹ ਚਿੜਾ ਰਿਹਾ ਹੈ ਪਰ ਹਕੀਕੀ ਰੂਪ ਵਿੱਚ ਅਜੇ ਤੱਕ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਜਿਸ ਕਾਰਨ ਮੁਲਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੁਲਜ਼ਮਾਂ ਦੀਆਂ ਹੋਰ ਭਖਦੀਆਂ ਮੰਗਾਂ, ਪੇ ਕਮਿਸ਼ਨ ਦੇ ਬਕਾਏ ਜਾਰੀ ਕਰਨ, ਡੀ.ਏ. ਦੀਆਂ ਪੈਂਡਿੰਗ ਕਿਸ਼ਤਾਂ ਲੈਣ,ਪੈਨਸ਼ਨਰਾਂ ਲਈ ਪੈਨਸ਼ਨ ਰੀਵਾਈਜ ਲਈ 2.59 ਦਾ ਗੁਣਾਂਕ ਲੈਣ, ਕੋਰਟਾਂ ਦੇ ਮੁਲਾਜ਼ਮ ਪੱਖੀ ਹੋਏ ਫੈਸਲਿਆਂ ਨੂੰ ਜਨਰਲਾਈਜ ਕਰਵਾਉਣ ਆਦਿ ਸਾਰੀਆਂ ਮੰਗਾਂ ਨੂੰ ਲੈ ਕੇ 24 ਜਨਵਰੀ ਦੀ ਜ਼ਿਲ੍ਹਾ ਪੱਧਰੀ ਰੋਸ ਰੈਲੀ ਕੀਤੀ ਜਾ ਰਹੀ ਹੈ। ਪ.ਸ.ਸ.ਫ.ਦੇ ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਦਸਿਆ ਕਿ ਮੀਟਿੰਗ ਵਿੱਚ ਪ.ਸ.ਸ.ਫ.ਦੀ ਜਥੇਬੰਦਕ ਅਵਸਥਾ, ਮੁਲਾਜਮ ਲਹਿਰ ਅਤੇ ਇੰਪਲਾਈਜ ਫੋਰਮ, ਮੁਲਾਜਮ ਲਹਿਰ ਕੈਲੰਡਰ 2023,ਇਸਤਰੀ ਮੁਲਾਜਮਾਂ ਦੀ ਜੈਪੁਰ ਕੌਮੀ ਕਾਨਫਰੰਸ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਬਲਾਕਾਂ ਵਿੱਚ ਜਥੇਬੰਦਕ ਅਵਸਥਾ ਨੂੰ ਮਜਬੂਤ ਕਰਨ ਅਤੇ 24 ਜਨਵਰੀ ਦੀ ਜ਼ਿਲ੍ਹਾ ਪੱਧਰੀ ਰੈਲੀ ਨੂੰ ਰੋਹ ਭਰਪੂਰ ਬਣਾਉਣ ਲਈ 11 ਜਨਵਰੀ ਨੂੰ ਬਲਾਕ ਰੁੜਕਾ ਕਲਾਂ, ਬਲਾਕ ਫਿਲੌਰ ਦੀ 12 ਜਨਵਰੀ, ਬਲਾਕ ਭੋਗਪੁਰ ਦੀ 16 ਜਨਵਰੀ, ਬਲਾਕ ਗੁਰਾਇਆ ਦੀ 17 ਜਨਵਰੀ, ਬਲਾਕ ਨੂਰਮਹਿਲ ਅਤੇ ਬਲਾਕ ਆਦਮਪੁਰ ਦੀ 18 ਜਨਵਰੀ, ਬਲਾਕ ਨਕੋਦਰ ਦੀ ਅਤੇ ਜਲੰਧਰ ਸ਼ਹਿਰ ਦੇ ਬਲਾਕਾਂ ਦੀ ਮੀਟਿੰਗ 19 ਜਨਵਰੀ ਨੂੰ ਬਲਾਕ ਪੱਧਰੀ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ ਅਤੇ 24 ਜਨਵਰੀ ਦੀ ਜ਼ਿਲ੍ਹਾ ਪੱਧਰੀ ਰੈਲੀ ਵਿੱਚ ਮੁਲਾਜਮਾਂ ਦੀ ਭਰਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਆਗੂਆਂ ਦੀ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮੋਲਕ ਸਿੰਘ ਹੀਰਾ,ਅਕਲ ਚੰਦ ਸਿੰਘ, ਪਰਨਾਮ ਸਿੰਘ ਸੈਣੀ, ਕਰਨੈਲ ਫਿਲੌਰ, ਕੁਲਦੀਪ ਵਾਲੀਆ,ਬਲਜੀਤ ਸਿੰਘ ਕੁਲਾਰ, ਸੁਖਵਿੰਦਰ ਸਿੰਘ ਮੱਕੜ, ਹਰਮਨਜੋਤ ਸਿੰਘ ਆਹਲੂਵਾਲੀਆ, ਸੁਖਵਿੰਦਰ ਰਾਮ, ਅੰਗਰੇਜ ਸਿੰਘ, ਸਤਵਿੰਦਰ ਸਿੰਘ ਫਿਲੌਰ,ਰਗਜੀਤ ਸਿੰਘ, ਬਲਵੀਰ ਭਗਤ, ਬਲਵੀਰ ਸਿੰਘ ਗੁਰਾਇਆ, ਸਰਬਜੀਤ ਸਿੰਘ ਢੇਸੀ,ਜਤਿੰਦਰ ਸਿੰਘ, ਰਣਜੀਤ ਠਾਕਰ, ਵਿਨੋਦ ਭੱਟੀ,ਓਮ ਪ੍ਰਕਾਸ਼, ਮਨੋਹਰ ਲਾਲ, ਦੀਪਕ ਕੁਮਾਰ, ਅਮਰਜੀਤ ਭਗਤ, ਸੰਦੀਪ ਰਾਜੋਵਾਲ, ਸੁਸ਼ੀਲ ਕੁਮਾਰ, ਰਾਜਿੰਦਰ ਸਿੰਘ ਭੋਗਪੁਰ, ਪਰੇਮ ਖਲਵਾੜਾ, ਕੁਲਵੰਤ ਰਾਮ ਰੁੜਕਾ, ਕਰਮਜੀਤ ਸਿੰਘ,ਰਤਨ ਸਿੰਘ,ਮੁਲਖ ਰਾਜ, ਸ਼ਿਵ ਰਾਜ ਕੁਮਾਰ, ਸੰਦੀਪ ਸ਼ਰਮਾ,ਵੇਦ ਰਾਜ, ਕੁਲਦੀਪ ਸਿੰਘ ਕੌੜਾ ਆਦਿ ਹਾਜ਼ਰ ਸਨ।

ਭਾਰਤ ਜੋੜੋ ਯਾਤਰਾ ਸੰਬੰਧੀ ਸ਼ਾਮਪੁਰ 'ਚ ਹੋਈ ਮੀਟਿੰਗ ਦੌਰਾਨ ਵਰਕਰਾਂ ਨੂੰ ਵੱਡੀ ਗਿਣਤੀ 'ਚ ਜੁੜਨ ਦੀ ਅਪੀਲ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਵਿਧਾਨ ਸਭਾ ਹਲਕਾ ਨਕੋਦਰ ਦੇ ਕਾਂਗਰਸ ਪਾਰਟੀ ਦੇ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ ਵੱਲੋਂ ਬਲਾਕ ਨੂਰਮਹਿਲ ਦੇ ਪਿੰਡ ਸ਼ਾਮਪੁਰ ਵਿਖੇ ਕਾਂਗਰਸੀਆਂ ਵਰਕਰਾਂ ਨਾਲ ਭਾਰਤ ਜੋੜੋ ਯਾਤਰਾ ਸੰਬੰਧੀ ਮੀਟਿੰਗ ਕੀਤੀ ਗਈ। ਵਰਕਰਾਂ ਨੂੰ ਸੰਬੋਧਨ ਕਰਦਿਆ ਡਾਂ ਨਵਜੋਤ ਸਿੰਘ ਦਾਹੀਆ ਨੇ ਕਿਹਾ ਭਾਰਤ ਜੋੜੋ ਯਾਤਰਾ ਨੇ ਕਾਂਗਰਸੀ ਵਰਕਰਾਂ ਅੰਦਰ ਇਕ ਨਵਾਂ ਜੋਸ਼ ਭਰਿਆ ਹੈ। ਇਹ ਯਾਤਰਾ ਦੇਸ਼ 'ਚੋਂ ਨਫ਼ਰਤ ਦੀ ਰਾਜਨੀਤੀ ਦਾ ਖਾਤਮਾ ਕਰੇਗੀ ਤੇ ਸੈਕੂਲਰ ਸੋਚ ਤੇ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੀ ਸੋਚ ਨੂੰ ਬਚਾਉਣ 'ਚ ਅਹਿਮ ਭੂਮਿਕਾ ਨਿਭਾਏਗੀ। ਰਾਹੁਲ ਗਾਂਧੀ ਪਿੱਛਲੇ ਲੱਗਭਗ ਚਾਰ ਮਹੀਨੇ ਤੋਂ ਭਾਰਤ ਜੋੜੋ ਤਹਿਤ ਪੈਦਲ ਚੱਲ ਕੇ ਜਿੱਥੇ ਲੋਕਾਂ ਨੂੰ ਭਾਜਪਾ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਕਰਵਾ ਰਹੇ ਹਨ ਉੱਥੇ ਭਾਈਚਾਰਕ ਸਾਂਝ ਦੀ ਇੱਕ ਨਵੀਂ ਮਿਸਾਲ ਪੈਦਾ ਕਰ ਰਹੇ ਹਨ। ਉਨਾਂ ਸਮੂਹ ਕਾਂਗਰਸੀ ਵਰਕਰਾਂ ਨੂੰ ਇਸ ਯਾਤਰਾ 'ਚ ਵੱਧ ਤੋਂ ਵੱਧ ਗਿਣਤੀ 'ਚ ਸ਼ਮੂਲੀਅਤ ਕਰਨ ਲਈ ਅਪੀਲ ਕੀਤੀ ਗਈ। ਅੰਤ ਵਿੱਚ ਸੀਨੀਅਰ ਕਾਂਗਰਸੀ ਆਗੂ ਗੋਬਿੰਦ ਮੱਲ ਸ਼ਾਮਪੁਰ ਨੇ ਵਰਕਰਾਂ ਦਾ ਧੰਨਵਾਦ ਕੀਤਾ ਤੇ ਵਿਸਵਾਸ਼ ਦਿਵਾਇਆ ਕਿ ਵੱਡੀ ਗਿਣਤੀ 'ਚ ਪਿੰਡ ਸ਼ਾਮਪੁਰ ਤੋ ਕਾਂਗਰਸੀ ਵਰਕਰ ਭਾਰਤ ਜੋੜੋ ਯਾਤਰਾ 'ਚ ਸ਼ਾਮਲ ਹੋਣਗੇ। ਇਸ ਮੌਕੇ ਸਾਬਕਾ ਜ਼ਿਲ੍ਹਾ ਦਿਹਾਤੀ ਪ੍ਰਧਾਨ ਦਰਸ਼ਨ ਸਿੰਘ ਟਾਹਲੀ,ਚਰਨ ਸਿੰਘ ਰਾਜੋਵਾਲ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ,ਪਰਵਿੰਦਰ ਸਿੰਘ ਪੰਮਾ ਨਗਰ ਪੰਚਾਇਤ ਵਾਇਸ ਪ੍ਰਧਾਨ ਬਿੱਲਗਾ,ਸੋਹਨ ਲਾਲ ਮੱਲ,ਬਾਬਾ ਗੁਰਪਾਲ ਸਿੰਘ,ਜਗਦੀਸ਼ ਰਾਮ,ਬਲਵਿੰਦਰ ਸਿੰਘ ਸੋਡੀ,ਅਮਰਜੀਤ ਸੁਮਨ,ਹਰਮੇਸ਼ ਕੁਮਾਰ,ਸੋਹਣ ਲਾਲ, ਸੁਰਜੀਤ ਰਾਮ,ਅਵਤਾਰ ਸਿੰਘ, ਕੁਲਦੀਪ ਮਾਣਕ,ਜਗਪਾਲ ਸੰਘੇੜਾ,ਸਤਨਾਮ ਬਿੱਲੂ ਹਾਜ਼ਰ ਸਨ।

ਆਰ ਐਸ ਪੀ ਆਈ ਵੱਲੋਂ ਵਿਰੋਧ ਪ੍ਰਗਟਾਵੇ ਦੇ ਅਧਿਕਾਰ 'ਤੇ ਸਖਤ ਸਜ਼ਾਵਾਂ ਰਾਹੀਂ ਪਾਬੰਦੀਆਂ ਲਗਾਉਣ ਦੀ ਨਿਖੇਧੀ

ਜਲੰਧਰ, (ਸ਼ੈਲੀ ਅਲਬਰਟ)ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਨੱਥਾ ਸਿੰਘ ਢਡਵਾਲ ਦੀ ਪ੍ਰਧਾਨਗੀ ਹੇਠ ਹੋਈ। ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਮੀਟਿੰਗ ਵਿੱਚ ਉਚੇਚੇ ਸ਼ਾਮਲ ਹੋਏ। ਸਕੱਤਰੇਤ ਨੇ ਗੁਜਰਾਤ ਸਰਕਾਰ ਵੱਲੋਂ ਪਾਸ ਕੀਤੇ ਗਏ, ਵਿਰੋਧ ਪ੍ਰਗਟਾਵੇ ਦੇ ਅਧਿਕਾਰ 'ਤੇ ਸਖਤ ਸਜਾਵਾਂ ਰਾਹੀਂ ਪਾਬੰਦੀਆਂ ਲਾਉਂਦੇ ਕਾਨੂੰਨ ਨੂੰ ਰਾਸ਼ਟਰਪਤੀ ਵੱਲੋਂ ਮਨਜ਼ੂਰ ਕੀਤੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਮੋਦੀ-ਸ਼ਾਹ ਸਰਕਾਰ ਵੱਲੋਂ ਕੀਤੇ ਜਾ ਰਹੇ ਮਨੁੱਖੀ ਤੇ ਸੰਵਿਧਾਨਕ ਅਧਿਕਾਰਾਂ ਦੇ ਘਾਣ ਦਾ ਅਗਲੇਰਾ ਘਾਤਕ ਕਦਮ ਕਿਹਾ ਹੈ। ਸਕੱਤਰੇਤ ਨੋਟ ਕਰਦਾ ਹੈ ਕਿ ਸੁਪਰੀਮ ਕੋਰਟ ਦੇ ਦਖ਼ਲ ਨਾਲ ਹਲਦਵਾਨੀ ਦੇ ਹਜ਼ਾਰਾਂ ਪਰਿਵਾਰਾਂ ਦਾ ਉਜਾੜਾ ਹਾਲ ਦੀ ਘੜੀ ਬੇਸ਼ੱਕ ਰੁਕ ਗਿਆ ਹੈ, ਪ੍ਰੰਤੂ ਸੰਘ-ਭਾਜਪਾ ਅਤੇ ਕੇਂਦਰੀ ਤੇ ਸੂਬਾਈ ਸਰਕਾਰਾਂ ਆਮ ਲੋਕਾਂ, ਤੇ ਖਾਸਕਰ ਘੱਟ ਗਿਣਤੀਆਂ ਨੂੰ ਉਜਾੜਨ ਤੇ ਜਿੱਚ ਕਰਨ ਦੀਆਂ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਣਗੀਆਂ। ਸਕੱਤਰੇਤ ਦੀ ਇਹ ਠੋਸ ਰਾਇ ਹੈ ਕਿ ਸਰਕਾਰਾਂ ਦਾ ਕੰਮ ਦਹਾਕਿਆਂ ਤੋਂ ਵਸੇ ਲੋਕਾਂ ਨੂੰ ਉਜਾੜਨਾ ਨਹੀਂ, ਸਗੋਂ ਬੇਘਰਿਆਂ ਨੂੰ ਆਵਾਸ ਮੁਹੱਈਆ ਕਰਵਾਉਣਾ ਹੁੰਦਾ ਹੈ। ਸਕੱਤਰੇਤ ਨੇ ਦੇਸ਼ ਵਾਸੀਆਂ ਨੂੰ ਚੌਕਸ ਕਰਦਿਆਂ ਕਿਹਾ ਹੈ ਕਿ ਆਰ ਐਸ ਐਸ ਵੱਲੋਂ ਭਾਰਤ ਨੂੰ ਧਰਮ ਆਧਾਰਿਤ ਕੱਟੜ ਫਿਰਕੂ ਫਾਸ਼ੀ ਰਾਸ਼ਟਰ 'ਚ ਤਬਦੀਲ ਕਰਨ ਲਈ ਕੀਤੀ ਜਾ ਰਹੀ ਫਿਰਕੂ ਕਤਾਰਬੰਦੀ ਅਤੇ ਘੱਟ ਗਿਣਤੀ ਫਿਰਕਿਆਂ ਵਿਰੁੱਧ ਕੀਤਾ ਜਾ ਰਿਹਾ ਜ਼ਹਿਰੀਲਾ ਕੂੜ ਪ੍ਰਚਾਰ ਭਾਈਚਾਰਕ ਸਾਂਝ ਅਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਅਤਿਅੰਤ ਘਾਤਕ ਸਿੱਧ ਹੋਵੇਗਾ। ਸਕੱਤਰੇਤ ਨੇ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਵੱਲੋਂ ਸਾਮਰਾਜੀ ਤੇ ਕਾਰਪੋਰੇਟ ਲੋਟੂਆਂ ਦੇ ਹਿੱਤ ਪੂਰਨ ਵਾਲੀਆਂ ਨਵ ਉਦਾਰਵਾਦੀ ਨੀਤੀਆਂ ਲਾਗੂ ਕਰਦਿਆਂ ਭਾਰਤੀ ਲੋਕਾਈ ਦੀਆਂ ਜੀਵਨ ਹਾਲਤਾਂ 'ਤੇ ਕੀਤੇ ਜਾ ਰਹੇ ਮਾਰੂ ਹੱਲਿਆਂ ਖਿਲਾਫ ਆਜ਼ਾਦਾਨਾ ਅਤੇ ਸਾਂਝਾ ਸੰਘਰਸ਼ ਹੋਰ ਪ੍ਰਚੰਡ ਕਰਨ ਸਬੰਧੀ ਵੀ ਰਣਨੀਤੀ ਉਲੀਕੀ ਹੈ। ਸਕੱਤਰੇਤ ਦੀ ਰਾਇ ਹੈ ਕਿ ਪੰਜਾਬ ਵਾਸੀਆਂ ਨੂੰ ਬੜੀ ਤੇਜ਼ੀ ਨਾਲ ਇਹ ਅਹਿਸਾਸ ਹੋ ਰਿਹਾ ਹੈ ਕਿ ਬਦਲਾਅ ਲਿਆਉਣ ਦੇ ਭਰਮਾਊ ਨਾਅਰਿਆਂ ਦੇ ਆਸਰੇ ਪੰਜਾਬ ਦੀ ਸੱਤਾ 'ਤੇ ਬਿਰਾਜਮਾਨ ਹੋਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦਾ ਰਵਾਇਤੀ ਰਾਜਸੀ ਪਾਰਟੀਆਂ ਦੀਆਂ ਸਰਕਾਰਾਂ ਨਾਲੋਂ ਨਾ ਨੀਤੀਆਂ ਦਾ ਫਰਕ ਹੈ ਤੇ ਨਾ ਹੀ ਕਿਰਦਾਰ ਤੇ ਪ੍ਰਸ਼ਾਸਨਿਕ ਸ਼ੈਲੀ ਦਾ। ਸਕੱਤਰੇਤ ਨੇ ਇਸ ਗੱਲ 'ਤੇ ਡਾਢੀ ਚਿੰਤਾ ਅਤੇ ਰੋਸ ਪ੍ਰਗਟ ਕੀਤਾ ਹੈ ਕਿ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਵਾਲੇ ਕੇਂਦਰੀ ਏਜੰਸੀਆਂ ਦੇ ਹੱਥ ਠੋਕੇ ਹਰ ਰੰਗ ਦੇ ਫਿਰਕੂ ਅਨਸਰ, ਅਪਰਾਧੀ ਤੇ ਮਾਫੀਆ ਗ੍ਰੋਹ ਅਤੇ ਨਸ਼ਾ ਤਸਕਰ ਚੰਮ ਦੀਆਂ ਚਲਾ ਰਹੇ ਹਨ ਅਤੇ ਮਾਨ ਸਰਕਾਰ ਮੂਕ ਦਰਸ਼ਕ ਬਣੀ ਬੈਠੀ ਹੈ। ਸਕੱਤਰੇਤ ਨੇ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਫੈਡਰਲ ਅਧਿਕਾਰਾਂ ਦੀ ਰਾਖੀ ਲਈ, ਪੰਜਾਬ ਨਾਲ ਹੋ ਰਹੇ ਧੱਕੇ-ਵਿਤਕਰੇ ਬੰਦ ਕਰਵਾਉਣ ਲਈ, ਪੰਜਾਬ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲੇ ਹੱਲ ਕਰਾਉਣ ਲਈ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਪੰਜਾਬ ਅਸੰਬਲੀ ਦੇ ਬਜਟ ਸੈਸ਼ਨ ਮੌਕੇ ਚੰਡੀਗੜ੍ਹ ਵਿਖੇ ਕੀਤੇ ਜਾਣ ਵਾਲੇ ਲੋਕ ਇਕੱਠ ਵਿੱਚ ਪੂਰੀ ਸ਼ਕਤੀ ਨਾਲ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਸਕੱਤਰੇਤ ਨੇ ਮੰਨਸੂਰਵਾਲ, ਜ਼ੀਰਾ ਵਿਚਲੀ ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਲੋਕ ਘੋਲ ਅਤੇ ਲਤੀਫਪੁਰਾ (ਜਲੰਧਰ) ਦੇ ਉਜੜੇ ਪਰਵਾਰਾਂ ਦੇ ਮੁੜ ਵਸੇਬੇ ਲਈ ਚੱਲ ਰਹੇ ਘੋਲਾਂ ਦੇ ਨਾਲ-ਨਾਲ ਮਜ਼ਦੂਰਾਂ, ਕਿਸਾਨਾਂ, ਕੇਂਦਰੀ ਤੇ ਰਾਜ ਸਰਕਾਰਾਂ ਦੇ ਮੁਲਾਜ਼ਮਾਂ- ਪੈਨਸ਼ਨਰਾਂ ਤੇ ਕੱਚੇ ਕਾਮਿਆਂ ਦੇ ਹੱਕੀ ਘੋਲਾਂ ਦੀ ਡਟਵੀਂ ਹਿਮਾਇਤ ਕਰਨ ਦਾ ਐਲਾਨ ਕੀਤਾ ਹੈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਉਕਤ ਨੀਤੀ ਚੌਖਟੇ ਖਿਲਾਫ ਤੇ ਲੋਕਾਂ ਦੇ ਭਖਵੇਂ ਮੁਦਿਆਂ ਦੇ ਹੱਲ ਲਈ ਪਿੰਡਾਂ-ਕਸਬਿਆਂ ਅੰਦਰ ਭਰਵੇਂ ਜਨਤਕ ਇਕੱਠ ਅਤੇ ਇਲਾਕਾ ਪੱਧਰ ਦੀਆਂ ਰਾਜਨੀਤਕ ਕਾਨਫਰੰਸਾਂ ਕਰਨ ਪਿੱਛੋਂ 30 ਜਨਵਰੀ ਤੋਂ 3 ਫਰਵਰੀ ਤੱਕ ਅਧਿਕਾਰੀਆਂ ਰਾਹੀਂ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਯਾਦ ਪੱਤਰ ਭੇਜੇ ਜਾਣਗੇ। ਉਕਤ ਦਿਸ਼ਾ ਵਿੱਚ ਲੋਕਾਈ ਨੂੰ ਜਾਗਰੂਕ ਅਤੇ ਜੱਥੇਬੰਦ ਕਰਨ ਲਈ ਮਾਰਚ ਮਹੀਨੇ ਸੂਬਾਈ ਜਥਾ ਮਾਰਚ ਕੀਤਾ ਜਾਵੇਗਾ ਅਤੇ ਵੱਡੀ ਮਾਤਰਾ ਵਿੱਚ ਪ੍ਰਚਾਰ ਸਮੱਗਰੀ ਵੀ ਵੰਡੀ ਜਾਵੇਗੀ।

ਬੀਮਾ ਏਜੰਟ ਖਪਤਕਾਰ ਦੇ ਨਾਲ ਵੀ ਖੜ੍ਹਨ-ਢਿੱਲੋਂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) : ਸਮਾਜ ਸੇਵੀ ਅਤੇ ਵਪਾਰ ਮੰਡਲ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ ਦੇ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਗੈਸ ਏਜੰਸੀ ਸ੍ਰੀ ਅਨੰਦਪੁਰ ਸਾਹਿਬ ਦੇ ਮਾਲਕ ਜਸਵਿੰਦਰ ਸਿੰਘ ਢਿੱਲੋਂ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਕੋਈ ਵੀ ਬੀਮਾ ਪਾਲਿਸੀ ਲੈਣ ਸਮੇਂ ਉਸ ਦੀ ਪੂਰੀ ਤਰ੍ਹਾਂ ਨਾਲ ਪੜਤਾਲ ਕਰਨ ਅਤੇ ਕੰਪਨੀ ਏਜੰਟਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਟੀਚੇ ਹੀ

7-JAN-PAGE-10.qxd 1/6/2023 9:56 PM Page 1

ਪ੍ਰਵਾਸੀ ਕਿਸਾਨ ਨੇ 4 ਸਾਲਾ ਬੱਚੇ ਦਾ ਗਟਰ 'ਚ ਸੁੱਟ ਕੇ ਕੀਤਾ ਕਤਲ

■ ਬਸਤੀ ਦੇ ਬੱਚੇ ਖੇਤਾਂ 'ਚ ਫਸਲ ਨੂੰ ਕਰ ਰਹੇ ਸਨ ਖਰਾਬ

ਵਰਲਾਪ ਕਰਦੇ ਹੋਏ ਪਰਿਵਾਰਕ ਮੈਂਬਰ (ਇਨਸੈਟ) ਮ੍ਰਿਤਕ ਅੰਸ਼ੂ ਕੁਮਾਰ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੀ ਬਲੀਬੇਗ ਬਸਤੀ ਵਿਖੇ ਬੀਤੀ ਸ਼ਾਮ ਇੱਕ ਦਰਦਨਾਕ ਘਟਨਾ ਵਾਪਰੀ, ਜਿੱਥੇ ਪ੍ਰਵਾਸੀ ਕਿਸਾਨ ਬਾਬੂ ਲਾਲ ਨੇ ਇੱਕ 4 ਸਾਲਾ ਮਾਸੂਮ ਬੱਚੇ ਅੰਸ਼ੂ ਕੁਮਾਰ ਨੂੰ ਗਟਰ ਵਿੱਚ ਸੁੱਟ ਕੇ ਮਾਰ ਦਿੱਤਾ, ਜਿਸ ਦੀ ਲਾਸ਼ ਪੁਲਸ ਵੱਲੋਂ ਬਰਾਮਦ ਕਰ ਲਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਾਬੂ ਲਾਲ ਬਲੀਬੇਗ ਬਸਤੀ ਨੇੜੇ ਹੀ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਹੈ ਤੇ ਇਸ ਬਸਤੀ ਦੇ ਬੱਚੇ ਰੋਜ਼ਾਨਾ ਉਸ ਦੇ ਖੇਤ ਵਿੱਚ ਖੇਡਣ ਤੇ ਪਤੰਗ ਲੁੱਟਣ ਲਈ ਚਲੇ ਜਾਂਦੇ ਸਨ। ਕਿਸਾਨ ਬਾਬੂ ਲਾਲ ਬੱਚਿਆਂ ਦੀ ਇਸ ਸ਼ਰਾਰਤ 'ਤੇ ਆਪਣੀ ਫਸਲ ਖਰਾਬ ਹੋਣ ਤੋਂ ਪ੍ਰੇਸ਼ਾਨ ਸੀ। ਬੀਤੇ ਕੱਲ੍ਹ ਵੀ ਕਾਫ਼ੀ ਬੱਚੇ ਉਸ ਦੇ ਖੇਤਾਂ ਵਿੱਚ ਖੇਡਣ ਤੇ ਪਤੰਗ ਲੁੱਟਣ ਲਈ ਆ ਗਏ ਅਤੇ ਉਹ ਸੋਟੀ ਲੈ ਕੇ ਬੱਚਿਆਂ ਦੇ ਪਿੱਛੇ ਪੈ ਗਿਆ। ਮ੍ਰਿਤਕ ਬੱਚੇ ਅੰਸ਼ੂ ਕੁਮਾਰ ਦੇ ਪਿਤਾ ਰਾਜੂ ਸਾਹਨੀ ਨੇ ਦੱਸਿਆ ਕਿ ਬਾਬੂ ਲਾਲ ਨੇ ਉਸ ਦੇ ਬੱਚੇ ਨੂੰ ਫੜ ਲਿਆ ਤੇ ਗੁੱਸੇ ਵਿੱਚ ਆ ਕੇ ਨੇੜੇ ਹੀ ਗਟਰ ਵਿੱਚ ਸੁੱਟ ਦਿੱਤਾ। ਜਦੋਂ ਤੱਕ ਬੱਚੇ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਤੱਕ ਅੰਸ਼ੂ ਦਮ ਤੋੜ ਚੁੱਕਿਆ ਸੀ। ਥਾਣਾ ਮੁਖੀ ਇੰਸਪੈਕਟਰ ਦਵਿੰਦਰਪਾਲ ਸਿੰਘ ਵੱਲੋਂ ਬੱਚੇ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ ਤੇ ਉਸ ਦੇ ਪਿਤਾ ਰਾਜੂ ਸਾਹਨੀ ਦੇ ਬਿਆਨਾਂ ਦੇ ਅਧਾਰ 'ਤੇ ਪ੍ਰਵਾਸੀ ਕਿਸਾਨ ਬਾਬੂ ਲਾਲ ਖਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਕਥਿਤ ਦੋਸ਼ੀ ਬਾਬੂ ਲਾਲ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ। 4 ਸਾਲਾ ਮਾਸੂਮ ਬੱਚੇ ਦੀ ਮੌਤ 'ਤੇ ਸਾਰੀ ਬਲੀਬੇਗ ਬਸਤੀ ਵਿੱਚ ਸੋਗ ਛਾਇਆ ਹੋਇਆ ਸੀ ਤੇ ਉੱਥੋਂ ਦੇ ਨਿਵਾਸੀਆਂ ਦਾ ਕਹਿਣਾ ਸੀ ਕਿ ਇਹ ਕਿਸਾਨ ਬਾਬੂ ਲਾਲ ਅਕਸਰ ਬੱਚਿਆਂ ਦੇ ਮਾਪਿਆਂ ਨੂੰ ਧਮਕੀਆਂ ਵੀ ਦਿੰਦਾ ਸੀ ਕਿ ਜੇਕਰ ਉਸ ਦੇ ਖੇਤਾਂ ਵਿੱਚ ਆਉਣ ਤੋਂ ਨਾ ਰੁਕੇ ਤਾਂ ਮਾਰ ਦੇਵੇਗਾ।

ਹੁੱਲੜਬਾਜ਼ੀ ਤੇ ਡਿਊਟੀ 'ਚ ਵਿਘਨ ਪਾਉਣ ਵਾਲੇ ਕਿਸਾਨ ਆਗੂਆਂ 'ਤੇ ਮਾਮਲਾ ਦਰਜ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਦੀ ਸਬ-ਡਵੀਜ਼ਨ ਦੇ ਗਰਿੱਡ ਸਟੇਸ਼ਨ ਪੰਜੋ ਕੇ ਵਿਖੇ ਹੁੱਲੜਬਾਜ਼ੀ ਕਰਨ ਦੇ ਦੋਸ਼ ਵਿੱਚ ਸਹਾਇਕ ਕਾ. ਇੰਜ. ਵੱਲੋਂ ਭੇਜੇ ਪੱਤਰ ਦੇ ਆਧਾਰ 'ਤੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਸਮੇਤ 20/25 ਹੋਰ ਸਾਥੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਸਹਾਇਕ ਕਾਰਜਕਾਰੀ ਇੰਜ ਵੱਲੋਂ ਕੀਤੀ ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਕਿ 3 ਜਨਵਰੀ ਨੂੰ ਸਵੇਰ ਸਮੇਂ ਬਿਜਲੀ ਦਾ ਕੱਟ ਲੱਗਾ ਹੋਇਆ ਸੀ ਤੇ ਪਾਵਰਕੱਟ ਕੈਂਸਲ ਹੋਣ ਉਪਰੰਤ ਜਦ ਫ਼ੀਡਰ ਚਲਾ ਕੇ ਦੇਖਿਆ ਤੇ ਉਹ ਚੱਲਿਆ ਨਹੀਂ। ਇਸ ਸੰਬੰਧੀ ਕ੍ਰਮਚਾਰੀ ਬਿਜਲੀ ਘਰ ਪੁੱਜੇ ਤੇ ਮੁਲਾਜ਼ਮਾਂ ਨੂੰ ਪੈਟਰੋਲਿੰਗ ਵਾਸਤੇ ਭੇਜ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਦੋ ਤਿੰਨ ਟਰਾਈਆਂ ਲੈਣ ਤੋਂ ਬਾਅਦ ਵੀ ਫ਼ੀਡਰ ਨਹੀਂ ਚੱਲਿਆ ਤੇ ਓਨੀ ਦੇਰ ਨੂੰ ਕਿਸਾਨ ਆਗੂ ਗੁਰਸੇਵਕ ਸਿੰਘ 20/25 ਆਦਮੀਆਂ ਨੂੰ ਲੈ ਆਇਆ ਤੇ ਹੁੱਲੜਬਾਜ਼ੀ ਕਰਨ ਲੱਗੇ। ਉਨ੍ਹਾਂ ਵੱਲੋਂ ਡਿਊਟੀ ਕਰ ਰਹੇ ਕ੍ਰਮਚਾਰੀਆਂ ਦੀ ਡਿਊਟੀ ਵਿੱਚ ਵਿਘਨ ਪਾਇਆ ਗਿਆ। ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਕਾਰਜਕਾਰੀ ਇੰਜ ਵੱਲੋਂ ਮਿਲੀ ਸ਼ਿਕਾਇਤ 'ਤੇ ਇਸ ਸੰਬੰਧੀ ਪੁਲਸ ਥਾਣਾ ਮਮਦੋਟ ਵਿਖੇ ਕਿਸਾਨ ਆਗੂ ਗੁਰਸੇਵਕ ਸਿੰਘ, ਦਿਲਬਾਗ ਸਿੰਘ, ਅੰਗਰੇਜ਼ ਸਿੰਘ ਸਮੇਤ ਹੋਰ ਵੀਹ-ਪੱਚੀ ਵਿਅਕਤੀਆਂ ਦੇ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਉਨ੍ਹਾਂ 'ਤੇ ਲਾਏ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਇਸ ਨੂੰ ਸਿਆਸੀ ਬਦਲਾਖੋਰੀ ਦੱਸਿਆ ਹੈ।

ਬਿਜਲੀ ਕਾਮਿਆਂ ਨੇ ਕੀਤੀ ਰੋਸ ਰੈਲੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)

ਨੈਸ਼ਨਲ ਕੁਆਰਡੀਨੇਸ਼ਨ ਕਮੇਟੀ ਆਫ਼ ਇੰਪਲਾਈਜ ਐਂਡ ਇੰਜੀਨੀਅਰਜ ਦੇ ਸੱਦੇ 'ਤੇ ਪਾਵਰਕਾਮ ਦੀਆਂ ਪ੍ਰਮੁੱਖ ਜਥੇਬੰਦੀਆਂ ਜੁਆਇੰਟ ਫੋਰਮ, ਇੰਜਨੀਅਰਜ ਐਸੋਸੀਏਸ਼ਨ ਤੇ ਜੇ.ਈ. ਕਾਊਂਸਲ ਦੇ ਬੈਨਰ ਹੇਠ ਮਹਾਂਰਾਸ਼ਟਰ ਦੇ ਬਿਜਲੀ ਬੋਰਡ ਦੇ ਬਰਾਬਰ ਅਡਾਨੀ ਗਰੁੱਪ ਦੀ ਪਾਵਰ ਕੰਪਨੀ ਵੱਲੋਂ ਅਪਲਾਈ ਕੀਤੇ ਬਿਜਲੀ ਡਿਸਟ੍ਰੀਬਿਊਸ਼ਨ ਲਾਈਸੈਂਸ ਦੇ ਵਿਰੋਧ ਵਿੱਚ ਰੋਸ ਰੈਲੀ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਹਰ ਖੇਤਰ ਨੂੰ ਨਿੱਜੀ ਹੱਥਾਂ ਵਿੱਚ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਰਹੀ ਹੈ ਤੇ ਆਮ ਲੋਕਾਂ ਦੀ ਲੁੱਟ ਦਾ ਰਾਹ ਇਹਨਾ ਪ੍ਰਾਈਵੇਟ ਘਰਾਣਿਆਂ ਹੱਥੋਂ ਕਰਾਉਣ ਦਾ ਰਾਹ ਪੱਧਰਾ ਕਰ ਰਹੀ ਹੈ। ਮਹਾਂਰਾਸਟਰ ਵਿੱਚ ਅਡਾਨੀ ਗਰੁੱਪ ਨੇ ਭੰਦੂਪ ਸਰਕਲ ਵਿੱਚ ਬਿਜਲੀ ਸਪਲਾਈ ਦੇਣ ਲਈ ਲੋਕ ਮਾਰੂ ਬਿਜਲੀ ਐਕਟ 2003 ਦੀ ਧਾਰਾ 14 ਅਧੀਨ ਲਾਈਸੈਂਸ ਅਪਲਾਈ ਕੀਤਾ ਹੈ ਤੇ ਲਾਈਸੈਂਸ ਪ੍ਰਦਾਨ ਕਰਨ 'ਤੇ ਵਿਚਾਰ ਚਰਚਾ ਹੋ ਰਹੀ ਹੈ। ਮਹਾਰਾਸ਼ਟਰ ਦੇ ਸਾਰੇ ਬਿਜਲੀ ਮੁਲਾਜ਼ਮ 04 ਜਨਵਰੀ ਤੋਂ 72 ਘੰਟੇ ਦੀ ਹੜਤਾਲ 'ਤੇ ਚੱਲ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਦੀ ਹਮਾਇਤ ਤੋਂ ਅੱਜ ਦੇਸ ਭਰ ਵਿੱਚ ਰੋਸ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਬੁਲਾਰਿਆਂ ਨੇ ਕੇਂਦਰ ਤੇ ਮਹਾਂਰਾਸ਼ਟਰ ਦੀ ਗਠਬੰਧਨ ਸਰਕਾਰ ਦੀ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਅਤੇ ਤੁਰੰਤ ਉਨ੍ਹਾਂ ਦੇ ਲਾਈਸੈਂਸ ਅਰਜ਼ੀ ਰੱਦ ਕਰਨ ਲਈ ਆਖਿਆ ਅਤੇ ਚੇਤਾਵਨੀ ਦਿੱਤੀ ਕਿ ਜੇ ਕੇਂਦਰ ਦੀ ਮੋਦੀ ਸਰਕਾਰ ਇਨ੍ਹਾਂ ਨੀਤੀਆਂ ਤੋਂ ਬਾਜ਼ ਨਹੀਂ ਆਉਂਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਤਕੜਾ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਦੀ ਸਰਕਾਰ ਦੀ ਹੋਵੇਗੀ। ਇਸ ਮੁਜ਼ਾਹਰੇ ਨੂੰ ਬਲਜੀਤ ਸਿੰਘ ਮੋਦਲਾ, ਬਸੰਤ ਸਿੰਘ, ਗੁਰਦੀਪ ਸਿੰਘ, ਪ੍ਰੇਮ ਕੁਮਾਰ, ਸਮਿੰਦਰ ਸਿੰਘ ਤੇ ਹਰਿਦਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਡੀ ਟੀ ਐੱਫ ਵੱਲੋਂ ਏਡਿਡ ਸਕੂਲ ਅਧਿਆਪਕਾਂ ਦੇ 7 ਦੇ ਐਕਸ਼ਨ ਦਾ ਸਮਰਥਨ

ਲੌਂਗੋਵਾਲ (ਕੁਲਦੀਪ ਅੱਤਰੀ/ਪ੍ਰਦੀਪ ਸੱਪਲ)-ਡੀ.ਟੀ.ਐਫ. ਨੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ 7 ਜਨਵਰੀ ਨੂੰ ਮੁੱਖ-ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦਾ ਘਿਰਾਓ ਕਰਨ ਦੇ ਐਕਸ਼ਨ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਜਾਇਜ਼ ਹਨ ਤੇ ਕਾਨੂੰਨੀ ਹੱਕ ਹੁੰਦੇ ਹੋਏ ਵੀ ਸਰਕਾਰ ਇਨ੍ਹਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਲਾਭ ਤੋਂ ਵਾਂਝਾ ਰੱਖ ਰਹੀ ਹੈ, ਜੋ ਕਿ ਸਰਾਸਰ ਬੇਇਨਸਾਫੀ ਹੈ। ਪਿਛਲੇ ਦਿਨੀਂ ਇਹਨਾਂ ਅਧਿਆਪਕਾਂ ਨੇ ਡੀ.ਪੀ.ਆਈ. ਪੰਜਾਬ ਦੇ ਦਫ਼ਤਰ ਅੱਗੇ ਰੈਲੀ ਵੀ ਕੀਤੀ ਸੀ, ਪ੍ਰੰਤੂ ਸਰਕਾਰ ਨੇ ਇਹਨਾਂ ਦੀ ਮੰਗ ਹਾਲੇ ਤੱਕ ਨਹੀਂ ਸੁਣੀ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਡੀ.ਟੀ.ਐੱਫ. ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਇਨ੍ਹਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੜਕਾਂ 'ਤੇ ਨਾ ਰੋਲੇ ਤੇ ਜਲਦੀ ਇਨ੍ਹਾਂ ਦੀਆਂ ਮੰਗਾਂ ਪੂਰੀਆਂ ਕਰੇ। ਉਨ੍ਹਾਂ ਕਿਹਾ ਕਿ ਡੀ.ਟੀ.ਐੱਫ. ਇਨ੍ਹਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ 7 ਜਨਵਰੀ ਨੂੰ ਕੀਤੇ ਜਾਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦੇ ਘਿਰਾਓ ਦੇ ਐਕਸ਼ਨ ਦਾ ਸਮਰਥਨ ਕਰਦੀ ਹੈ ਤੇ ਇਸ ਐਕਸ਼ਨ ਵਿੱਚ ਇਨ੍ਹਾਂ ਦੇ ਸਹਿਯੋਗ ਲਈ ਡੀ.ਟੀ.ਐੱਫ. ਦੇ ਮੈਂਬਰ ਵਧ-ਚੜ੍ਹ ਕੇ ਹਿੱਸਾ ਲੈਣਗੇ।

ਕਾਤਰਾਂ

ਨਗਰ ਕੌਂਸਲ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਨਵੇਂ ਸਾਲ 'ਚ ਖੁਸ਼ੀਆਂ ਤੇ ਸ਼ਾਂਤੀ ਲਈ ਸ਼ਹਿਰ ਕੌਂਸਲ ਫਿਰੋਜ਼ਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਤੇ ਭੋਗ ਪਾ ਕੇ ਸਾਰਿਆਂ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ ਗਈ।ਜਾਣਕਾਰੀ ਦਿੰਦੇ ਹੋਏ ਈ ਓ ਸੰਜੇ ਬਾਂਸਲ ਨੇ ਦੱਸਿਆ ਕਿ ਅੱਜ ਨਵੇਂ ਸਾਲ ਵਿੱਚ ਕਮੇਟੀ ਦੀ ਤਰਫੋਂ ਮੀਟਿੰਗ ਕੀਤੀ ਜਾਵੇਗੀ।ਦਫਤਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ।ਇਸ ਦੌਰਾਨ ਰਾਗੀ ਜਥੇ ਨੇ ਸ਼ਬਦ ਉਚਾਰਨ ਕਰਕੇ ਸਾਥੀਆਂ ਨੂੰ ਮੋਹ ਲਿਆ, ਜਿੱਥੇ ਲੋਕ ਸਭਾ ਵੱਲੋਂ ਅਟੁੱਟ ਲੰਗਰ ਵੀ ਲਗਾਇਆ ਗਿਆ, ਜਿਸ ਵਿੱਚ ਸੁਖਪਾਲ ਸਿੰਘ ਸੈਨੇਟਰੀ ਇੰਸਪੈਕਟਰ ਤੇ ਹੋਰ ਕਰਮਚਾਰੀਆਂ ਨੇ ਸੇਵਾ ਨਿਭਾਈ।ਇਸ ਮੌਕੇ ਕਮੇਟੀ ਐਕਸੀਅਨ ਚਰਨਪਾਲ, ਸਹਾਇਕ ਇੰਜੀਨੀਅਰ ਰਾਜੇਸ਼ ਸ਼ਰਮਾ, ਚੀਫ ਸੈਨੇਟਰੀ ਇੰਸਪੈਕਟਰ, ਗੁਰਿੰਦਰ ਸਿੰਘ, ਸੁਪਰਡੈਂਟ ਧੂੜੀਆ, ਜੇ ਈ ਲਵਪ੍ਰੀਤ ਸਿੰਘ ਤੇ ਫਿਰੋਜ਼ਪੁਰ ਸਿਟੀ ਵਿਧਾਇਕ ਰਣਬੀਰ ਸਿੰਘ ਭੁੱਲਰ, ਏ.ਡੀ.ਸੀ. ਸਾਗਰ ਸੇਤੀਆ, ਜੁਆਇੰਟ ਡਾਇਰੈਕਟਰ ਕੁਲਵੰਤ ਸਿੰਘ ਬਰਾੜ, ਕਮੇਟੀ ਪ੍ਰਧਾਨ ਰਿੰਕੂ ਗਰੋਵਰ, ਸੁਖਪਾਲ ਸਿੰਘ ਸੈਨੇਟਰੀ ਇੰਸਪੈਕਟਰ ਹਾਜ਼ਰ ਸਨ।

ਸ਼ੱਕੀ ਵਿਅਕਤੀਆਂ ਤੋਂ ਦੁਕਾਨਦਾਰ ਸੁਚੇਤ ਰਹਿਣ : ਡੀ ਐੱਸ ਪੀ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਸਮਾਜ ਵਿਰੋਧੀ ਅਨਸਰਾਂ ਤੋਂ ਬਚਣ ਲਈ ਡੀ.ਐੱਸ.ਪੀ. ਤਪਾ ਸ੍ਰ. ਰਵਿੰਦਰ ਸਿੰਘ ਰੰਧਾਵਾ ਨੇ ਸਮੂਹ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਜੇਕਰ ਕੋਈ ਵੀ ਵਿਅਕਤੀ ਤੁਹਾਡੇ ਪਾਸ ਮੂੰਹ-ਸਿਰ ਢੱਕ ਕੇ ਸਾਮਾਨ ਆਦਿ ਲੈਣ ਲਈ ਆਉਂਦਾ ਹੈ, ਉਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਪਹਿਲਾਂ ਉਸ ਦੀ ਪਹਿਚਾਣ ਕਰਨ ਲਈ ਢੱਕਿਆ ਮੂੰਹ-ਸਿਰ ਖੁੱਲ੍ਹਵਾ ਕੇ ਦੇਖਿਆ ਜਾਵੇ, ਅਜਿਹਾ ਨਾ ਹੋਵੇ ਉਹ ਵਿਅਕਤੀ ਠੱਗ ਹੋਵੇ, ਕਿਉਂਕਿ ਅੱਜਕੱਲ੍ਹ ਅਜਿਹੇ ਵਿਅਕਤੀ ਹੀ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਉਨ੍ਹਾਂ ਦੁਕਾਨਦਾਰਾਂ ਨੂੰ ਇਹ ਵੀ ਅਪੀਲ ਕੀਤੀ ਕਿ ਅਪਣੀ ਦੁਕਾਨ ਅੰਦਰ-ਬਾਹਰ ਸੀਸੀਟੀਵੀ ਕੈਮਰਿਆਂ ਦੀ ਚੰਗੀ ਤਰ੍ਹਾਂ ਮੁਰੰਮਤ ਕਰਵਾ ਲੈਣ ਜਾਂ ਜਿਨ੍ਹਾਂ ਦੇ ਨਹੀਂ ਲੱਗੇ, ਲਗਵਾ ਲਏ ਜਾਣ। ਉਨ੍ਹਾਂ ਦੱਸਿਆ ਕਿ ਕੈਮਰਿਆਂ ਦੇ ਨਾਲ ਸਮਾਜ ਵਿਰੋਧੀ ਅਨਸਰਾਂ ਨੂੰ ਫੜਨ ਲਈ ਸਹਾਈ ਹੁੰਦੇ ਹਨ।

ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮਟਿੰਗ 12 ਨੂੰ

ਮਾਨਸਾ (ਆਤਮਾ ਸਿੰਘ ਪਮਾਰ)-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਸਥਾਨਕ ਸ਼ਾਂਤੀ ਭਵਨ ਵਿਖੇ 12 ਜਨਵਰੀ ਨੂੰ ਰੱਖੀ ਗਈ ਹੈ। ਮੀਟਿੰਗ ਦੇ ਵੇਰਵੇ ਪ੍ਰੈੱਸ ਨਾਲ ਸਾਂਝੇ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਬਿੱਕਰ ਸਿੰਘ ਮੁਹਾਣਿਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਸਾਲ 2023 ਲਈ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਇਸ ਤੋਂ ਇਲਾਵਾ ਲੋਹੜੀ ਦਾ ਤਿਉਹਾਰ ਮਨਾਉਣ ਦਾ ਪ੍ਰੋਗਰਾਮ ਵੀ ਉਲੀਕਿਆ ਜਾਵੇਗਾ। ਮੀਟਿੰਗ ਵਿੱਚ ਪ੍ਰਸਿੱਧ ਸਮਾਜਸੇਵੀ ਡਾ. ਜਨਕ ਰਾਜ ਸਿੰਗਲਾ ਵੱਲੋਂ ਬਿਮਾਰੀਆਂ ਤੋਂ ਬਚਾਅ ਸਬੰਧੀ ਵਿਚਾਰ ਪੇਸ਼ ਕੀਤੇ ਜਾਣਗੇ।

ਗੁਰਲੀਨ ਕੌਰ ਨੇ 6.5 ਬੈਂਡ ਪ੍ਰਾਪਤ ਕੀਤੇ

ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)-ਫਸਟ ਚੁਆਇਸ ਇਮੀਗ੍ਰੇਸ਼ਨ ਤੇ ਆਈਲੈੱਟਸ ਇੰਸਟੀਚਿਊਟ ਦੀ ਵਿਦਿਆਰਥਣ ਗੁਰਲੀਨ ਕੌਰ ਵਾਸੀ ਮਹਿਲ ਕਲਾਂ (ਬਰਨਾਲਾ) ਨੇ ਸਿਰਫ ਕੁਝ ਮਹੀਨੇ ਦੀ ਕੋਚਿੰਗ ਲੈਣ ਤੋਂ ਬਾਅਦ 6.5 ਬੈਂਡ ਸਕੋਰ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਵਿਦਿਆਰਥਣ ਗੁਰਲੀਨ ਕੌਰ ਨੇ ਖੁਸ਼ੀ ਭਰੇ ਮਹੌਲ 'ਚ ਕਿਹਾ ਕਿ ਮੇਰੇ ਵਧੀਆ ਸਕੋਰ ਪ੍ਰਾਪਤ ਕਰਨ ਵਿੱਚ ਇਸ ਸੰਸਥਾ ਦੇ ਮਿਹਨਤੀ ਸਟਾਫ਼ ਦਾ ਵੱਡਾ ਯੋਗਦਾਨ ਹੈ। ਸੰਸਥਾ ਦੇ ਡਾਇਰੈਕਟਰ ਜਗਜੀਤ ਸਿੰਘ ਮਾਹਲ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕੋਚਿੰਗ ਤੇ ਆਪਣੀ ਫਾਈਲ ਪ੍ਰੋਸੈਸਿੰਗ ਹਮੇਸ਼ਾ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਹੀ ਕਰਾਉਣੀ ਚਾਹੀਦੀ ਹੈ, ਤਾਂ ਜੁ ਭਵਿੱਖ 'ਚ ਕਿਸੇ ਨੂੰ ਵੀ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਟਾਫ ਮੈਂਬਰ ਮੈਡਮ ਲਵਲੀਨ ਕੌਸ਼ਿਕ, ਲਵਪ੍ਰੀਤ ਕੌਰ, ਨਰਿੰਦਰ ਕੌਰ, ਨਵਰੀਤ ਕੌਰ, ਰਾਜ ਸਿੰਘ, ਸੁਖਪ੍ਰੀਤ ਕੌਰ, ਗੁਰਪ੍ਰੀਤ ਕੌਰ ਅ

7-Jan-2023-page-11-Majha.qxd 1/6/2023 9:59 PM Page 1

ਪੰਜਾਬ ਸਰਕਾਰ ਲੋਕਾਂ ਦੀਆਂ ਭਾਵਨਾਵਾਂ ਨਾਲ ਕਰ ਰਹੀ ਸ਼ਰੇਆਮ ਖਿਲਵਾੜ : ਸਭਰਾਂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪਿੰਡ ਸਭਰਾਂ ਦੇ ਗੁਰਦੁਆਰਾ ਬਾਬਾ ਕਾਹਨ ਸਿੰਘ ਵਿਖੇ ਬਲਕਾਰ ਸਿੰਘ ਦੋਧੀ, ਗੁਰਦਿਆਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਸਭਰਾਂ, ਜੁਗਰਾਜ ਸਿੰਘ ਰਾਜਸਥਾਨੀ ਤੇ ਦਲੇਰ ਸਿੰਘ ਨੇ ਕਿਹਾ ਕਿ ਸਰਕਾਰ ਭਾਵੇਂ ਕੇਂਦਰ ਜਾਂ ਪੰਜਾਬ ਦੀ ਹੋਵੇ, ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਤੋਂ ਬਾਜ਼ ਨਹੀਂ ਆਉਂਦੀਆਂ। ਆਗੂਆਂ ਆਖਿਆ ਕਿ ਜਥੇਬੰਦੀ ਵੱਲੋਂ ਬੀਤੇ 43 ਦਿਨਾਂ ਤੋਂ ਡੀਸੀ ਦਫਤਰਾਂ ਤੇ 23 ਦਿਨਾਂ ਤੋਂ ਟੋਲ ਪਲਾਜ਼ਿਆਂ ਲਗਾਤਾਰ ਧਰਨੇ ਜਾਰੀ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮੀਟਿੰਗ ਕਰਨ ਤੋਂ ਵਾਰ ਵਾਰ ਮੁੱਕਰੇ। ਦਿੱਲੀ ਅੰਦੋਲਨ ਨੂੰ ਲੋਕਾਂ ਦੇ ਹੱਕਾਂ ਭੁਗਤਾਉਣ ਲਈ ਲੜਾਈ ਮੈਦਾਨ ਵਿੱਚ ਡਟੇ ਹੋਏ। ਸੂਬਾ ਸਰਕਾਰ ਅਬਾਦਕਾਰਾਂ ਨੂੰ ਮਾਲਕੀ ਹੱਕ ਦਿਵਾਏ। ਰੇਤ ਮਾਫੀਆ, ਸਕੂਲ ਮਾਫੀਆ ਸਿਹਤ ਮਾਫੀਆ ਖਤਮ ਕਰਕੇ ਜਨਤਾ ਨੂੰ ਬਣਦੀਆਂ ਸਹੂਲਤਾਂ ਤੁਰੰਤ ਮੁਹੱਈਆ ਕਰਵਾਈਆਂ ਜਾਣ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰਨ ਵਾਲਿਆਂ ਨੂੰ ਜੇਲਾਂ ਵਿੱਚ ਬੰਦ ਕਰੋ ਬੰਦੀ ਸਿੰਘਾਂ ਦੀ ਰਿਹਾਈ, ਬੀਬੀਆਂ ਦੇ ਖਾਤੇ1000 ਰੁਪਏ, ਨਸ਼ਿਆਂ ਦਾ ਖਾਤਮਾ ਕਰਨਾ, ਗੈਂਗਸਟਰ ਮੁਕਤ ਸਮਾਜ ਬਣਾਉਣਾ, ਨੌਜਵਾਨਾਂ ਨੂੰ ਰੁਜ਼ਗਾਰ ਦੇਣਾ, 51000 ਹਜ਼ਾਰ ਸ਼ਗਨ ਸਕੀਮ ਆਦਿ ਮਸਲਿਆਂ ਤੇ ਸਰਕਾਰਾਂ ਚੁੱਪ ਹਨ। ਜਿਥੇ ਸ਼ੀਰਾ ਸ਼ਰਾਬ ਫੈਕਟਰੀ ਨੇ ਕਈ ਪਿੰਡਾਂ ਨੂੰ ਗੰਦੇ ਪਾਣੀ ਪੀਣ ਲਈ ਮਜਬੂਰ ਕਰ ਦਿੱਤਾ ਪਰ ਫਿਰ ਵੀ ਕੋਰਟਾਂ ਤੇ ਸੂਬਾ ਸਰਕਾਰ ਸ਼ਰਾਬ ਵਪਾਰੀ ਨਾਲ ਖੜ੍ਹੀਆਂ ਹਨ। ਚੰਗਾ ਕੰਮ ਇਹ ਹੋਇਆ ਕਿ ਪੂਰਾ ਪੰਜਾਬ ਪਾਣੀਆਂ ਨੂੰ ਬਚਾਉਣ ਲਈ ਲਾਮਬੰਦ ਹੋ ਗਿਆ। ਸੜਕਾਂ ਤੇ ਆਵਾਰਾ ਪਸ਼ੂਆਂ ਤੋਂ ਵਾਪਰਦੇ ਹਾਦਸਿਆਂ ਨਾਲ ਕੀਮਤੀ ਜਾਨਾਂ ਜਾ ਰਹੀਆਂ ਹਨ ਉਥੇ ਦੁਬਲੀ ਗਊਸ਼ਾਲਾ ਬੁਚੜਖਾਨਾ ਬਣਿਆ ਹੋਇਆ ਹੈ। ਭੁੱਖ ਨਾਲ ਤੜਫਦੀਆਂ, ਜਿਉਂਦੀਆਂ ਗਾਵਾਂ ਨੂੰ ਕੁੱਤੇ ਨੋਚ ਰਹੇ ਹਨ। ਲੋਕਾਂ ਤੋਂ ਜਬਰੀ ਉਗਰਾਹਿਆ ,ਰਊ ਸੈੱਸ ਕਿਧਰ ਜਾਂਦਾ ਆਦਿ ਮਸਲਿਆਂ 'ਤੇ ਮੋਰਚੇ ਲਗਾਤਾਰ ਜਾਰੀ ਹਨ ਜੋ ਆਉਣ ਵਾਲੇ ਸਮੇਂ ਵਿੱਚ ਹੋਰ ਤਿੱਖੇ ਹੋਣਗੇ ਜਿਸਦੀਆਂ ਜ਼ਿੰਮੇਵਾਰ ਸਰਕਾਰਾਂ ਤੇ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਸ਼ੰਗਾਰਾ ਸਿੰਘ, ਗੁਰਦਿਆਲ ਸਿੰਘ, ਕਰਨੈਲ ਸਿੰਘ, ਬਲਵਿੰਦਰ ਸਿੰਘ, ਮੁਖਤਿਆਰ ਸਿੰਘ, ਜਸਵਿੰਦਰ ਸਿੰਘ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ, ਸਰਵਨ ਸਿੰਘ, ਲੱਖਾ ਸਿੰਘ, ਬਲਵੰਤ ਸਿੰਘ, ਸਵਿੰਦਰ ਸਿੰਘ, ਸਹਿਜਪ੍ਰੀਤ ਸਿੰਘ, ਕਾਲਾ ਸਿੰਘ, ਮਿਰਜਾ ਸਿੰਘ, ਅਜੀਤ ਸਿੰਘ ਕਰਨੈਲ ਸਿੰਘ ਆਦਿ ਹਾਜ਼ਰ ਸਨ।

ਬੀਬਾ ਦੇ ਨਵੇਂ ਫੈਸਟਿਵ ਕੁਲੈਕਸ਼ਨ ਦੇ ਨਾਲ ਲੋਹੜੀ ਨੂੰ ਚਮਕੀਲੇ ਤੇ ਬੋਲਡ ਰੰਗਾਂ 'ਚ ਸਜਾਓ

ਅੰਮ੍ਰਿਤਸਰ : ਇਹ ਸਾਲ ਦਾ ਅਜਿਹਾ ਸਮਾਂ ਹੈ ਜਦੋਂ ਪਾਰੰਪਰਿਕ ਅਨੁਸ਼ਠਾਨ ਦੇ ਨਾਲ ਸਰਦਿਆਂ ਨੂੰ ਅਲਵਿਦਾ ਕਿਹਾ ਜਾਂਦਾ ਹੈ ਜਿਸ ਵਿੱਚ ਮਹਿਲਾਵਾਂ ਵਲੋਂ ਸੁੰਦਰ ਮੁੰਦਰਿਏ ਹੋ, ਗਾਇਆ ਜਾਂਦਾ ਹੈ। ਇਹ ਅਜਿਹਾ ਤਿਓਹਾਰ ਹੈ ਜੋ ਪੰਜਾਬੀਆਂ ਲਈ ਬਹੁਤ ਹੀ ਖਾਸ ਤਿਓਹਾਰ ਹੈ। ਇਸ ਤਿਓਹਾਰ ਮੌਕੇ ਹਰ ਮਹਿਲਾ ਦੇ ਮਨ ਵਿੱਚ ਬਸ ਇੱਕ ਹੀ ਸਵਾਲ ਹੁੰਦਾ ਹੈ ਕਿ ਇਸ ਬਾਰ ਕਿਹੋ ਜਿਹੇ ਕਪੜੇ ਪਾਵਾਂ। ਇਸ ਬਾਰ ਲੋਹੜੀ ਦੇ ਖਾਸ ਮੌਕੇ 'ਤੇ ਬੀਬਾ ਬੇਹਤਰੀਨ ਆਉਟਫਿਟ ਅਤੇ ਐਕਸੈਸਰੀਜ਼ ਦੀ ਨਵੀਂ ਕੁਲੈਕਸ਼ਨ ਲੈ ਕੇ ਆਇਆ ਹੈ। ਬੀਬਾ ਦੀ ਇਸ ਕੁਲੈਕਸ਼ਨ ਵਿੱਚ ਵੈਲਵੇਟ, ਮੈਟੇਲਿਕ ਕਾਟਨ, ਰੇਯਾਨ, ਕਾਟਨ ਸਿਲਕ ਅਤੇ ਵੂਲਨ ਜਿਹੇ ਕੱਪੜਿਆਂ ਦਾ ਮੇਲ ਹੈ। ਇਨ੍ਹਾਂ ਕੱਪੜਿਆਂ ਦੇ ਕੜਾਈ ਅਤੇ ਡਿਟੇਲਿੰਗ ਦਾ ਖਾਸ ਧਿਆਨ ਦਿੱਤਾ ਗਿਆ ਹੈ। ਕੁਲੈਕਸ਼ਨ ਵਿੱਚ ਸਲਵਾਰ ਸੂਟ ਸੈੱਟ ਅਤੇ ਰੈਡੀ ਮੇਡ ਦੀ ਵਿਆਪਕ ਰੇਂਜ ਹੈ। ਰੰਗਾਂ ਅਤੇ ਸੰਯੋਜਨਾ ਦੀ ਇੱਕ ਵਿਸਤ੍ਰਿਤ ਸ਼੍ਰੇਣੀ ਵਿੱਚ ਸਿਲਾਈ ਵਿਕਲਪ ਹੈ। ਇਸ ਕੁਲੈਕਸ਼ਨ ਵਿੱਚ ਪਾਰੰਪਰਿਕ ਅਤੇ ਸੁਰੁਚੀਪੂਰਣ ਸਲਵਾਰ ਕਮੀਜ਼ ਸੱਟ ਦੇ ਨਾਲ ਨਾਲ ਸੂਟ ਪੈਂਟ, ਅਨਾਰਕਲੀ, ਲਹਿੰਗਾ ਸੈੱਟ ਅਤੇ ਕਈ ਵਧੇਰੇ ਸੰਯੋਜਨ ਹਨ। ਟਵਿੰਕਲ ਥ੍ਰੋਕੇਡ : ਇਸ ਵਿੱਚ ਪਿੰਕ ਲਿਵਾ ਬਲੈਂਡ ਸਟ੍ਰੇਟ ਕੁਰਤਾ ਸਲਵਾਰ ਸੂਟ ਸੈੱਟ(9,995 ਰੁਪਏ), ਮਸਟਰਡ ਵਿਸਕੋਸ ਸਟ੍ਰੇਟ ਸਲਵਾਰ ਸੂਟ ਸੈੱਟ (9,995 ਰੁਪਏ) ਅਤੇ ਪਿਕਾਕ ਗ੍ਰੀਨ ਆਰਟ ਸਿਲਕ ਸਟ੍ਰੇਟ ਸਲਵਾਰ ਸੂਟ (9,995 ਰੁਪਏ) ਸ਼ਾਮਿਲ ਹਨ। ਵੈਲਵਟ ਲਵ ਵਿੱਚ ਪੀਲੇ ਰੰਗਾਂ ਦਾ ਵਿਸਕੋਸ ਸਟ੍ਰੇਟ ਕੁੜਤਾ ਸਲਵਾਰ ਸੂਟ ਸੈੱਟ (15,950 ਰੁਪਏ) ਸ਼ਾਮਿਹ ਹੈ। ਗਲੈਮ ਅਪ ਵਿੱਦ ਮੈਜ਼ੈਂਟਾ ਵਿੱਚ ਮੈਜ਼ੈਂਟਾ ਪੌਲੀ ਵਿਸਕੋਸ ਅਨਾਰਕਲੀ ਕੁੜਤਾ ਚੂੜੀਦਾਰ ਸੂਟ ਸੈੱਟ (7,995 ਰੁਪਏ) ਸ਼ਾਮਿਲ ਹੈ।

ਕਿਸਾਨਾਂ ਦੀਆਂ ਜ਼ਮੀਨਾਂ 'ਤੇ ਸਰਕਾਰ ਨੂੰ ਧੱਕੇ ਨਾਲ ਕਬਜ਼ਾ ਨਹੀਂ ਕਰਨ ਦਿਆਂਗੇ: ਸੰਘਰਸ਼ ਕਮੇਟੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸਠਿਆਲੀ ਪੁਲ ਦੀ ਮੀਟਿੰਗ ਜ਼ੋਨ ਪ੍ਰਧਾਨ ਗੁਰਮੁੱਖ ਸਿੰਘ ਦੀ ਅਗਵਾਈ ਹੇਠ ਪਿੰਡ ਤਿੱਬੜ ਵਿਖੇ ਹੋਈ। ਮੀਟਿੰਗ ਦੌਰਾਨ ਆਗੂਆਂ ਨੇ ਭੱਖਦੇ ਕਿਸਾਨੀ ਮਸਲਿਆਂ 'ਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਚਲਾਏ ਜਾ ਰਹੇ ਭਾਰਤਮਾਲਾ ਪ੍ਰਾਜੈਕਟ ਅਧੀਨ ਬਣਾਏ ਜਾ ਰਹੇ ਦਿੱਲੀ ਜੰਮੂ ਕੱਟੜਾ ਐਕਸਪ੍ਰੈਸ ਨੈਸ਼ਨਲ ਹਾਈਵੇਅ ਰੋਡ ਦੇ ਅਧੀਨ ਆਉਂਦੀਆਂ ਕਿਸਾਨਾਂ ਦੀਆਂ ਜ਼ਮੀਨਾਂ ਦਾ ਜਿੰਨੀ ਦੇਰ ਤੱਕ ਸਹੀ ਮੁੱਲ ਨਹੀਂ ਮਿਲਦਾ, ਓਨੀ ਦੇਰ ਤੱਕ ਜ਼ਮੀਨਾਂ 'ਤੇ ਕਬਜ਼ਾ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਧੱਕੇ ਨਾਲ ਇਨ੍ਹਾਂ ਜ਼ਮੀਨਾਂ ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਤਿੱਬੜ ਨੇੜੇ ਉਕਤ ਨੈਸ਼ਨਲ ਹਾਈਵੇ ਲਈ ਜ਼ਮੀਨ 'ਤੇ ਕਬਜ਼ਾ ਕਰਨ ਆਏ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਹੋਰ ਅਮਲੇ ਦਾ ਜਥੇਬੰਦੀ ਵਲੋਂ ਡਟ ਕੇ ਵਿਰੋਧ ਕਰਦਿਆਂ ਧਰਨਾ ਲਗਾ ਕੇ ਕੰਮ ਰੋਕ ਦਿੱਤਾ ਸੀ ਅਤੇ ਮੌਕੇ 'ਤੇ ਪਹੁੰਚੇ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਵਲੋਂ ਦਿੱਤੇ ਭਰੋਸੇ 'ਤੇ ਇਹ ਧਰਨਾ ਚੁੱਕਿਆ ਗਿਆ ਸੀ। ਕਿਸਾਨ ਆਗੂਆਂ ਚਿਤਾਵਨੀ ਦਿੱਤੀ ਹੈ ਕਿ ਜੇ ਕਿਸਾਨਾਂ ਨੂੰ ਸਹੀ ਮੁੱਲ ਦਿੱਤੇ ਬਿਨਾਂ ਸਰਕਾਰ ਨੇ ਧੱਕੇ ਨਾਲ ਜ਼ਮੀਨਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਡਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਵੱਡਾ ਸੰਘਰਸ਼ ਸ਼ੁਰੂ ਕਰਾਂਗੇ। ਇਸ ਮੀਟਿੰਗ ਵਿੱਚ ਅਨੂਪ ਸਿੰਘ ਬਲੱਗਣ, ਲਖਵਿੰਦਰ ਸਿਘ, ਗੁਰਮੇਜ ਸਿਘ, ਰਣਜੀਤ ਸਿੰਘ, ਦਵਿੰਦਰ ਸਿਘ, ਗੁਰਪ੍ਰੀਤ ਸਿੰਘ, ਸਰੂਪ ਸਿੰਘ, ਸ਼ਰਨਜੀਤ ਸਿੰਘ, ਬਲਵਿੰਦਰ ਸਿੰਘ ਭਿੰਡਰ, ਜਗਜੀਤ ਸਿੰਘ, ਕਨਵਰ ਸਿੰਘ, ਸਤਨਾਮ ਸਿਘ ਅਲਾਵਲਪੁਰ, ਦਿਲਬਾਗ ਸਿਘ ਤਿੱਬੜ, ਜਸਬੀਰ ਸਿਘ, ਸਤਨਾਮ ਸਿੰਘ ਬਾਹੀਆਂ, ਕਸ਼ਮੀਰ ਸਿਘ, ਦਿਲਬਾਗ ਸਿੰਘ ਸਹਾਏਪੁਰ, ਜਗੀਰ ਸਿਘ, ਭਗਵੰਤ ਸਿੰਘ ਆਦਿ ਤੋਂ ਇਲਾਵਾ ਵੀ ਕਿਸਾਨ ਆਗੂਆਂ ਸਮੇਤ ਪਿੰਡ ਤਿੱਬੜ, ਅਲਾਵਲਪੁਰ, ਸਿੱਧਵਾਂ, ਬਾਈਆ ਅਤੇ ਸਹਾਏਪੁਰ ਆਦਿ ਪਿੰਡਾਂ ਦੇ ਕਿਸਾਨ ਹਾਜ਼ਰ ਸਨ।

ਭਿੱਖੀਵਿੰਡ 'ਚ ਟਰੈਫਿਕ ਸਮੱਸਿਆ ਕਾਰਨ ਲੋਕਾਂ ਦਾ ਬੁਰਾ ਹਾਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਸ਼ਹਿਰ ਭਿੱਖੀਵਿੰਡ 'ਚ ਟਰੈਫਿਕ ਦੀ ਸਮੱਸਿਆ ਦਿਨੋ ਦਿਨ ਵਧਦੀ ਜਾ ਰਹੀ ਹੈ। ਸ਼ਹਿਰ 'ਚ ਹਰ ਰੋਜ਼ ਮੋਟਰਸਾਈਕਲਾਂ, ਗੱਡੀਆਂ, ਟਰਾਲੀ ਟਰੈਕਟਰਾਂ ਅਤੇ ਬੱਸਾਂ ਦੀਆਂ ਲੰਬੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਇੱਥੇ ਹੈਰਾਨੀ ਦੀ ਗੱਲ ਇਹ ਹੈ ਕਿ ਭਿੱਖੀਵਿੰਡ ਪੁਲਸ ਟਰੈਫਿਕ ਨੂੰ ਨਿਯੰਤ੍ਰਿਤ ਕਰਨ 'ਚ ਅਸਫਲ ਸਾਬਿਤ ਹੋ ਰਹੀ ਹੈ। ਹਾਲਾਤ ਇੰਨੇ ਖਰਾਬ ਹਨ ਕਿ ਬਹੁਤ ਵਾਰ ਤਾਂ ਭਿੱਖੀਵਿੰਡ ਟਰੈਫਿਕ ਪੁਲਸ ਦੇ ਅਧਿਕਾਰੀ ਬਜ਼ਾਰ 'ਚ ਮੌਜੂਦ ਹੀ ਨਹੀਂ ਹੁੰਦੇ। ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਟਰੈਫਿਕ ਦੀ ਸਮੱਸਿਆ ਦਾ ਮੁੱਖ ਕਾਰਨ ਸ਼ਹਿਰ ਦੇ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਦੁਆਰਾ ਅੱਧੀ ਸੜਕ ਤੇ ਕੀਤਾ ਹੋਇਆ ਕਬਜ਼ਾ ਹੈ। ਇਸ ਤੋਂ ਇਲਾਵਾ ਨੇੜੇ ਦੇ ਪਿੰਡਾਂ ਦੇ ਲੋਕ ਜਦੋਂ ਸ਼ਹਿਰ 'ਚ ਕੁਝ ਖਰੀਦਣ ਲਈ ਆਉਂਦੇ ਹਨ ਤਾਂ ਉਹ ਆਪਣੀਆਂ ਗੱਡੀਆਂ ਸੜਕ ਉੱਤੇ ਹੀ ਪਾਰਕ ਕਰ ਦਿੰਦੇ ਹਨ ਜਿਸ ਕਾਰਨ ਬਜਾਰ 'ਚ ਟਰੈਫਿਕ ਜਾਮ ਦੀ ਸਮੱਸਿਆ ਬਣ ਜਾਂਦੀ ਹੈ। ਇਹ ਸਮੱਸਿਆ ਇੰਨੀ ਭਿਆਨਕ ਹੋ ਗਈ ਹੈ ਕਿ ਸ਼ਹਿਰ ਦੇ ਲੋਕਾਂ ਦਾ ਪੈਦਲ ਚੱਲ ਕੇ ਬਜ਼ਾਰ 'ਚੋਂ ਲੰਘਣਾ ਮੁਸ਼ਕਿਲ ਹੈ। ਇਹੋ ਜਿਹੇ ਹਾਲਾਤ 'ਚ ਪੁਲਸ ਪ੍ਰਸ਼ਾਸਨ ਨੂੰ ਟਰੈਫਿਕ ਨਿਯੰਤ੍ਰਿਤ ਕਰਨ ਅਤੇ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਸੜਕ 'ਤੇ ਕੀਤੇ ਕਬਜ਼ਿਆਂ ਵਿਰੁੱਧ ਠੋਸ ਕਾਰਵਾਈ ਕਰਨ ਦੀ ਲੋੜ ਹੈ। ਉੱਧਰ ਜਦੋਂ ਇਸ ਸਮੱਸਿਆ ਸੰਬੰਧੀ ਜ਼ਿਲ੍ਹਾ ਤਰਨਤਾਰਨ ਦੇ ਡੀ. ਐੱਸ. ਪੀ. ਹਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਮਾਮਲੇ ਨੂੰ ਹੱਲ ਕਰਨ ਲਈ ਨਗਰ ਪੰਚਾਇਤ ਭਿੱਖੀਵਿੰਡ ਦੇ ਪ੍ਰਧਾਨ ਅਤੇ ਈ. ਓ. ਨਾਲ ਮੀਟਿੰਗ ਕਰਕੇ ਜਲਦ ਹੀ ਹੱਲ ਕਰਨਗੇ।

ਮਾਣਯੋਗ ਜੱਜ ਨਰੇਸ਼ ਗਿੱਲ ਦੂਬੇ ਨੂੰ ਕੀਤਾ ਸਨਮਾਨਿਤ

ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)-ਲੋਕ ਇਨਸਾਫ ਪ੍ਰੈੱਸ ਕਲੱਬ (ਪੰਜਾਬ) ਦੀ ਟੀਮ ਨੇ ਲੋਕ ਅਦਾਲਤ ਜੱਜ ਨਰੇਸ਼ ਗਿਲ ਦੂਬੇ ਨੂੰ ਅੰਮ੍ਰਿਤਸਰ ਕੋਟ ਵਿਚ ਜਾ ਕੇ ਸਨਮਾਨਤ ਕੀਤਾ। ਪ੍ਰੈੱਸ ਕਲੱਬ ਦੀ ਟੀਮ ਉਸ ਵਕਤ ਬੁਹਤ ਖੁਸ਼ ਹੋਈ ਜਦ ਜੱਜ ਸਾਬ ਨੇ ਆਪਣੀ ਅਦਾਲਤ ਦੀ ਕੁਰਸੀ ਛੱਡ ਕੇ ਪੂਰੀ ਟੀਮ ਨੂੰ ਮਿਲਣ ਲਈ ਅੱਗੇ ਹੋ ਕੇ ਜੀ ਆਇਆਂ ਕਿਹਾ। ਉਹ ਪ੍ਰੈੱਸ ਕਲੱਬ ਦੀ ਟੀਮ ਨੂੰ ਮਿਲ ਕੇ ਬੁਹਤ ਪ੍ਰਸੰਨ ਹੋਏ ਤੇ ਕਲੱਬ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਟੀਮ ਮੈਂਬਰਾਂ ਦੇ ਕੰਮਾਂ ਬਾਰੇ ਜਾਣਕਾਰੀ ਲਈ ਤੇ ਕਿਹਾ ਕਿ ਤੁਹਾਨੂੰ ਕਿਸੇ ਵੀ ਕਾਨੂੰਨ ਵਾਸਤੇ ਮੇਰੀ ਲੋੜ ਪੈਂਦੀ ਹੈ ਤਾਂ ਆ ਕੇ ਮੇਰੀ ਹੈਲਪ ਲੈ ਸਕਦੇ ਹੋ। ਉਨ੍ਹਾਂ ਕਿਹਾ ਕਿ ਸਮਾਜ ਭਲਾਈ ਦੇ ਕੰਮਾਂ ਲਈ ਤੁਸੀਂ ਕੋਈ ਵੀ ਕਾਨੂੰਨੀ ਜਾਣਕਾਰੀ ਲੈਣੀ ਹੋਵੇ ਤਾਂ ਬੇਝਿਜਕ ਆ ਕੇ ਮਿਲੋ। ਪ੍ਰੈੱਸ ਕਲੱਬ ਦੀ ਟੀਮ ਨੇ ਕਿਹਾ ਕਿ ਅਸੀਂ ਪਬਲਿਕ ਨੂੰ ਆਉਂਦੀਆਂ ਮੁਸ਼ਕਲਾਂ ਅਤੇ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਔਕੜਾਂ ਦੇ ਹੱਲ ਲਈ ਹੱਕ ਸੱਚ ਦੀ ਆਵਾਜ਼ ਉਠਾਉਂਦੇ ਰਹਾਂਗੇ। ਇਸ ਕਲੱਬ ਨੂੰ ਹੋਰ ਉਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਮੌਕੇ ਪੱਤਰਕਾਰ ਜੀਵਨ ਸ਼ਰਮਾ, ਮਨਜੀਤ ਸਿੰਘ ਮਿੰਟੂ, ਜਸਬੀਰ ਸਿੰਘ, ਚਾਂਦ, ਮੰਨਪ੍ਰੀਤ ਸਿੰਘ ਵਿੱਕੀ, ਅਮਨਦੀਪ ਅਤੇ ਸੋਨੂੰ ਆਦਿ ਹਾਜ਼ਰ ਸਨ।

ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੇ ਫਾਰਮ ਭਰੇ

ਖਾਲੜਾ/ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਨੂੰ ਚਲਾਇਆ ਗਿਆ ਹੈ ਜਿਸ ਤਹਿਤ ਇਸ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਹੋਇਆਂ ਨਗਰ ਅਮੀਸ਼ਾਹ ਅਤੇ ਖਾਲੜਾ ਦੇ ਨਿਵਾਸੀਆਂ ਵੱਲੋਂ ਸਹਿਜ ਰੈਡੀਮੇਡ ਗਾਰਮੈਂਟਸ ਅਮੀਸ਼ਾਹੀਆਂ ਦੇ ਸ਼ੋਰੂਮ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਫਾਰਮ ਭਰੇ ਗਏ। ਇਸ ਸੰਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਅਖੰਡ ਪਾਠੀ ਵੈੱਲਫੇਅਰ ਸੁਸਾਇਟੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ (ਰਜਿ) ਭਾਰਤ ਦੇ ਪ੍ਰਧਾਨ ਭਾਈ ਗੁਰਮੁੱਖ ਸਿੰਘ ਅਮੀਸ਼ਾਹ ਅਤੇ ਖਾਲੜਾ ਐਕਸ਼ਨ ਕਮੇਟੀ ਦੇ ਮੁੱਖ ਬੁਲਾਰੇ ਭਾਈ ਸਤਨਾਮ ਸਿੰਘ ਵੱਲੋਂ ਸਾਂਝੇ ਤੌਰ 'ਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਵੱਲੋਂ ਵੱਧ ਤੋਂ ਵੱਧ ਫਾਰਮ ਭਰੇ ਜਾਣ ਤਾਂ ਜੋ ਲੰਮੇਂ ਸਮੇਂ ਤੋਂ ਜੇਲ੍ਹਾਂ ਵਿੱਚ ਨਿਕੰਮੀਆਂ ਸਰਕਾਰਾਂ ਵੱਲੋਂ ਬੰਦ ਲੰਮੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘ ਜਲਦ ਤੋਂ ਜਲਦ ਰਿਹਾਅ ਹੋ ਕੇ ਆਪਣੇ ਘਰ ਪਰਿਵਾਰ ਵਿੱਚ ਵਾਪਸੀ ਕਰ ਸਕਣ। ਭਾਈ ਗੁਰਮੁੱਖ ਸਿੰਘ ਅਮੀਸ਼ਾਹ ਨੇ ਦੱਸਿਆ ਕਿ ਜੋ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ, ਇਸ ਨੂੰ ਰੋਕਣ ਲਈ ਆਪਣੇ ਹੀ ਨਗਰ ਅਮੀਸਾਹ ਤੋਂ ਨੌਜਵਾਨਾਂ ਦੇ ਸਹਿਯੋਗ ਨਾਲ ਜਲਦ ਹੀ ਇੱਕ ਵੱਡੀ ਮੁਹਿਮ ਆਰੰਭ ਕੀਤੀ ਜਾਵੇਗੀ ਤਾਂ ਜੋ ਇਸ ਨਸ਼ੇ

7 Jan-Page-9.qxd 1/6/2023 10:04 PM Page 2

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸਪਲੀਮੈਂਟ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਲਲਿਤ ਲਕਸਾਨੀ
ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਕਪੂਰਥਲਾ

ਸਮੂਹ ਜ਼ਿਲ੍ਹਾ ਵਾਸੀਆਂ ਨੂੰ ਡਾ. ਪ੍ਰਮਜੀਤ ਸਿੰਘ ਅੌਜਲਾ ਵੱਲੋਂ ਅਪੀਲ ਹੈ ਕਿ ਜੇ ਕਿਸੇ ਸੱਜਣ ਦੀ ਸਰਕਾਰੇ ਦਰਬਾਰੇ ਸੁਣਵਾਈ ਨਹੀਂ ਹੁੰਦੀ ਤਾਂ ਮੇਰੇ ਨਾਲ ਇਸ ਨੰਬਰ 'ਤੇ ਸੰਪਰਕ ਕਰਦਾ ਹੈ।

ਡਾ. ਪਰਮਜੀਤ ਸਿੰਘ ਅੌਜਲਾ
ਜ਼ਿਲ੍ਹਾ ਉਪ ਪ੍ਰਧਾਨ ਬੁੱਧੀਜੀਵੀ ਵਿੰਗ, ਕਪੂਰਥਲਾ

ਮੋਬਾ. 99145-91436

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਹਰਜਿੰਦਰ ਸਿੰਘ, ਰਿਟਾ. ਸਬ ਇੰਸਪੈਕਟਰ
ਪ੍ਰਦੀਪ ਕੁਮਾਰ, ਅਰਬਨ ਅਸਟੇਟ
ਸਨਮਦੀਪ, ਮੋਤੀ ਬਾਗ ਕਪੂਰਥਲਾ
ਵਰਿੰਦਰ ਕੁਮਾਰ ਬੱਬਾ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਪਰਮਜੀਤ ਸਿੰਘ, ਸ਼ਾਹ ਫੈਟਰੀਜ਼
ਪਲਵਿੰਦਰ ਸਿੰਘ, ਈਟ ਐਨ ਫੂਡਜ਼
ਲਖਵਿੰਦਰ ਸਿੰਘ ਲਾਡੀ, ਹਾਂਡਾ ਟਾਇਰਜ਼
ਰਿਸ਼ਵ ਕੌੜਾ ਰਿਸ਼ੀ
ਸੰਤ ਲਾਲ ਐਂਡ ਸੰਨਜ਼, ਬਾਰਦਾਨਾ ਸਟੋਰ
ਸੰਤ ਲਾਲ ਐਂਡ ਸੰਨਜ਼, ਬਾਰਦਾਨਾ ਸਟੋਰ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਨਵਨੀਤ ਸਿੰਘ ਬੈਂਸ, ਐਸ ਐਸ ਪੀ ਕਪੂਰਥਲਾ
ਹਰਪ੍ਰੀਤ ਸਿੰਘ ਬੇਨੀਪਾਲ, ਐਸ ਪੀ ਹੈਡਕੁਆਰਟਰ
ਹਰਵਿੰਦਰ ਸਿੰਘ ਡੱਲੀ, ਐਸ ਪੀ ਡੀ
ਮਨਦੀਪ ਕੌਰ, ਐਸ ਐਚ ਓ, ਢੰਗੂਵੀਰਾ
ਸੋਨਮਦੀਪ ਕੌਰ, ਐਸ ਐਚ ਓ ਸਦਰ ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਸੁਰੇਸ਼ ਕਾਲੀਆ, ਪ੍ਰਧਾਨ ਜ਼ਿਲ੍ਹਾ ਬਾਰ ਐਸੋ. ਕਪੂਰਥਲਾ
ਨੀਤਿਨ ਸ਼ਰਮਾ, ਉਪ ਪ੍ਰਧਾਨ
ਪਵਨ ਕਾਲੀਆ, ਸੀਨੀ. ਐਡਵੋਕੇਟ
ਬਲਤੇਜ ਸਿੰਘ ਢਿੱਲੋਂ, ਸੀਨੀ. ਐਡਵੋਕੇਟ
ਓਮਪ੍ਰੀਤ ਸਿੰਘ ਬੁੱਲਰ, ਸੀਨੀ. ਐਡਵੋਕੇਟ
ਅਮਰੀਕ ਸਿੰਘ ਸੌਂਡੀ, ਸੀਨੀ. ਐਡਵੋਕੇਟ
ਜਸਪਾਲ ਗਿੱਲ, ਸੀਨੀ. ਐਡਵੋਕੇਟ
ਸਤਵੀਰ ਮਹੀਪਾਲ, ਸੀਨੀ. ਐਡਵੋਕੇਟ, ਸੁਲਤਾਨਪੁਰ ਲੋਧੀ
ਜੋਬਨਪ੍ਰੀਤ ਸਿੰਘ ਸੰਗੋਜਲਾ, ਐਡਵੋਕੇਟ, ਯੂ ਕੇ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਤਰਲੋਚਨ ਸਿੰਘ ਚਾਹਲ
ਪਰਮਿੰਦਰ ਸਿੰਘ ਬਨੂੰ
ਸੰਤੋਖ ਸਿੰਘ ਚੇਦੀ
ਜਸਵਿੰਦਰ ਖਿਦ
ਮੋਹਿਤ ਨੰਨਾ
ਵਰਿੰਦਰ ਕੁਮਾਰ
ਅਵਤਾਰ ਗਿੱਲ
ਤਜਿੰਦਰ ਸਿੰਘ
ਹਰਵਿੰਦਰ ਸਿੰਘ ਅੱਜਲਾ
ਸੁਰਜੀਤ ਸਿੰਘ ਧਾਲੀਵਾਲ

ਵੱਲੋਂ : ਚਾਹਲ ਮਾਰਕੀਟ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਵਿਸ਼ੇਸ਼ ਸਾਰੰਗਲ, ਡਿਪਟੀ ਕਮਿਸ਼ਨਰ, ਕਪੂਰਥਲਾ
ਲਾਲ ਵਿਸ਼ਵਾਸ਼, ਐਸ ਡੀ ਐਮ ਕਮ ਏ ਡੀ ਸੀ
ਹਰਜਿੰਦਰ ਸਿੰਘ ਸੰਧੂ, ਡੀ ਡੀ ਪੀ ਓ, ਕਪੂਰਥਲਾ
ਸੁਖਜਿੰਦਰ ਸਿੰਘ, ਪੰਚਾਇਤ ਅਫ਼ਸਰ, ਕਪੂਰਥਲਾ
ਕੁਲਜੀਤ ਸਿੰਘ, ਗੰਡਵ, ਕਪੂਰਥਲਾ
ਬਲਜਿੰਦਰ ਸਿੰਘ, ਏ ਐਸ ਆਈ, ਕਪੂਰਥਲਾ
ਸਤੀਸ਼ ਕੁਮਾਰ, ਨੰਬਰਦਾਰ ਅਤੇ ਵਸੀਕਾ ਨਵੀਸ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਮਨਜੀਤ ਮਾਨ, ਸੂਬਾ ਪ੍ਰਧਾਨ
ਹਰਪ੍ਰੀਤ ਸਿੰਘ, ਉਪ ਪ੍ਰਧਾਨ, ਪੰਜਾਬ
ਜੇ ਐਸ ਸੰਧੂ, ਸੂਬਾ ਸਰਪ੍ਰਸਤ
ਰਾਕੇਸ਼ ਖੰਨਾ, ਸੂਬਾ ਚੇਅਰਮੈਨ
ਪ੍ਰੀਤ ਸੰਗੋਜਲਾ, ਜ਼ਿਲ੍ਹਾ ਪ੍ਰਧਾਨ
ਚੰਦਰ ਸ਼ੇਖਰ ਸ਼ਰਮਾ, ਸੂਬਾ ਕਾਨੂੰਨੀ ਸਲਾਹਕਾਰ
ਦੀਪਕ ਸ਼ਰਮਾ, ਸੂਬਾ ਕਾਨੂੰਨੀ ਸਲਾਹਕਾਰ
ਪ੍ਰਿਤਪਾਲ ਸਿੰਘ, ਕੁਆਰਡੀਨੇਟਰ

ਵੱਲੋਂ : ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਮਨਦੀਪ ਸਿੰਘ, ਤਹਿਸੀਲਦਾਰ ਜਲੰਧਰ
ਰਜੀਵ ਖੋਸਲਾ, ਨਾਇਬ ਤਹਿਸੀਲਦਾਰ ਕਪੂਰਥਲਾ
ਹਰਦੀਪ ਸਿੰਘ, ਕਾਨਗੋ, ਧਾਲੀਵਾਲ
ਨਵਜੋਤ ਕੌਰ, ਕਾਨੂੰਗੋ, ਕਪੂਰਥਲਾ
ਮਨਦੀਪ ਸਿੰਘ, ਪਟਵਾਰੀ
ਸਨੀ ਭਾਟੀਆ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਬੌਬੀ ਭੰਡਾਰੀ, ਯੂ ਕੇ
ਅਸ਼ੋਕ ਕੁਮਾਰ, ਕਪੂਰਥਲਾ
ਹਰਪ੍ਰੀਤ ਸਿੰਘ ਹੈਪੀ, ਵਾਰਮਰ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਬਾਬਾ ਸੋਖੇ ਸ਼ਾਹ ਜੀ, ਮੁੱਖ ਸੇਵਾਦਾਰ ਦਰਬਾਰ ਬਾਬਾ ਬਾਊਲੀ ਸ਼ਾਹ ਜੀ, ਕਪੂਰਥਲਾ
ਮਨਜੀਤ ਸਿੰਘ ਸੰਗੋਜਲਾ, ਸਾਬਕਾ ਸਰਪੰਚ ਸੰਗੋਜਲਾ
ਚਰਨਜੀਤ ਸਿੰਘ, ਅਜੀਤ ਨਗਰ ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਮੁਬਾਰਕਾਂ

ਪ੍ਰੀਤ ਸੰਗੋਜਲਾ, ਜ਼ਿਲ੍ਹਾ ਪ੍ਰਧਾਨ
ਸੁਖਵਿੰਦਰ ਸੋਹੀ, ਜਨਰਲ ਸੈਕਟਰੀ
ਜੋਗਿੰਦਰ ਸਿੰਘ ਜਾਤੀਕੇ, ਜ਼ਿਲ੍ਹਾ ਚੇਅਰਮੈਨ
ਪਰਮਜੀਤ ਸਨੀ, ਉਪ ਚੇਅਰਮੈਨ
ਰਜਿੰਦਰ ਸ਼ਰਮਾ, ਉਪ ਪ੍ਰਧਾਨ
ਦੀਪਕ ਮਰਵਾਹਾ, ਉਪ ਚੇਅਰਮੈਨ
ਸਵਰਨ ਸਿੰਘ ਚੰਦੀ, ਪ੍ਰਧਾਨ ਲੋਹੀਆਂ ਯੂਨਿਟ
ਅਸ਼ੋਕ ਲਾਡੀ, ਜ਼ਿਲ੍ਹਾ ਪ੍ਰਧਾਨ ਜਲੰਧਰ
ਨਿਤਿਸ਼ ਵਿਜ, ਪੱਤਰਕਾਰ
ਜਤਿੰਦਰ ਫੌਜੀ, ਪੱਤਰਕਾਰ
ਹਰਸ਼ਦੀਪ ਟਾਂਡੀ, ਪੱਤਰਕਾਰ
ਬਰਿੰਦਰ ਚਾਨਾ, ਪੱਤਰਕਾਰ
ਦੀਪਕ ਛਾਬੜਾ, ਪੱਤਰਕਾਰ
ਰੋਬਿਨ ਖੰਨਾ, ਪੱਤਰਕਾਰ
ਹਰਪ੍ਰੀਤ ਸਿੰਘ ਨਡਾਲਾ, ਪੱਤਰਕਾਰ
ਸੁਰਜੀਤ ਸਿੰਘ ਗੋਰਾ, ਪੱਤਰਕਾਰ
ਕਸ਼ਮੀਰ ਭੰਡਾਲ, ਪੱਤਰਕਾਰ
ਡਾ. ਗੁਰਦੇਵ ਸਿੰਘ ਗਾਲਿਬ, ਪੱਤਰਕਾਰ
ਪ੍ਰੀਤਮ ਸਿੰਘ ਥਿੰਦ, ਪੱਤਰਕਾਰ
ਸੁਰਿੰਦਰ ਸੱਭਰਵਾਲ, ਪੱਤਰਕਾਰ

ਰਾਣਾ ਗੁਰਜੀਤ ਸਿੰਘ
ਐਮ ਐਲ ਏ ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ !

ਰਾਜਬੰਸ ਕੌਰ ਰਾਣਾ
ਸਾਬਕਾ ਐਮ ਐਲ ਏ ਕਪੂਰਥਲਾ

ਕੇਹਰ ਸਿੰਘ ਕੌਂਸਲਰ
ਵਾਰਡ ਨੰ. 38 ਕਪੂਰਥਲਾ

ਮੁਹੱਲਾ ਵਾਸੀਆਂ ਨੂੰ ਜੇ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਜਾਂ ਕੋਈ ਵੀ ਕੰਮ ਹੈ ਤਾਂ ਅਸੀਂ 24 ਘੰਟੇ ਸੇਵਾ 'ਚ ਹਾਜ਼ਰ ਹਾਂ।

ਨਰਿੰਦਰ ਕੌਰ ਕੌਂਸਲਰ
ਵਾਰਡ ਨੰ. 37 ਕਪੂਰਥਲਾ

ਧੰਨਵਾਦ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 7ਵੀਂ ਵਰ੍ਹੇਗੰਢ ਮੌਕੇ ਜਿਨ੍ਹਾਂ ਵੀਰਾਂ ਸੱਜਣਾਂ ਨੇ ਕਪੂਰਥਲਾ ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਮੇਰਾ ਦਿਲੋਂ ਸਹਿਯੋਗ ਕੀਤਾ ਮੈਂ ਉਨ੍ਹਾਂ ਸੱਜਣਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਮੇਰਾ ਸਾਥ ਦਿੰਦੇ ਰਹਿਣਗੇ।

ਪ੍ਰੀਤ ਸੰਗੋਜਲਾ
ਪੱਤਰਕਾਰ ਤੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ,
ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 99143-35663

ਸਹਿਯੋਗੀ ਸੱਜਣ

ਤਰਲੋਚਨ ਸਿੰਘ ਚਾਹਲ 98772-34537
ਅਵਤਾਰ ਗਿੱਲ
ਹਰਪ੍ਰੀਤ ਸਿੰਘ ਹੈਪੀ
ਡਾ. ਪਰਮਜੀਤ ਸਿੰਘ ਅੌਜਲਾ
ਪ੍ਰਮਿੰਦਰ ਸਿੰਘ ਬਨੂੰ
ਮੰਗਤਦੀਪ ਸਿੰਘ ਚੀਮਾ